ਕੈਨੇਡਾ ਪੰਜਾਬ ਲਿੰਕ
WEEKLY NEWSPAPER
52 YEARS OF EXCELLENCE
THE LINK GROUP
VOL. : 12 ISSUE : 09 SATURDAY, 02 March, 2024
www.punjablinkpaper.com 604-503-5465

MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
• Residential Mortgage
• Construction Mortgage
• Commercial Loan
• Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• RESP,RRSP's
• ਮੋਰਟਗੇਜ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਪ੍ਰਧਾਨ ਮੰਤਰੀ ਟਰੂਡੋ ਵਲੋਂ ਯੂਕਰੇਨ ਨਾਲ ਨਵੇਂ ਸੁਰੱਖਿਆ ਸਮਝੌਤੇ 'ਤੇ ਦਸਤਖ਼ਤ



ਕੀਵ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਯੂਕਰੇਨ ਦੀ ਰੂਸ ਨਾਲ ਖ਼ਤਰਨਾਕ ਜੰਗ ਦੀਆਂ ਪਹਿਲੀਆਂ ਲੜਾਈਆਂ ਵਿਚੋਂ ਇਕ ਦੇ ਮਲਬੇ ਦਾ ਸਰਵੇਖਣ ਕੀਤਾ ਜਿਸ ਨੇ ਪਿਛਲੇ ਦੋ ਸਾਲਾਂ ਤੋਂ ਯੂਕਰੇਨ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ ਜਦਕਿ ਯੂਕਰੇਨ ਵਾਸੀਆਂ ਨੇ ਸਨਿਚਰਵਾਰ ਲੜਾਈ ਦੀ ਪਹਿਲੀ ਵਰ੍ਹੇਗੰਢ ਮੌਕੇ ਦੀ ਅਜੇ ਵੀ ਇਕ ਅਨਿਸ਼ਚਤ ਭਵਿੱਖ ਦਾ ਜਾਇਜ਼ਾ ਲੈਣ ਲਈ ਵਰਤੋਂ ਕੀਤੀ। ਪ੍ਰਧਾਨ ਮੰਤਰੀ ਨੇ ਜੰਗ ਨਾਲ ਜੂਝ ਰਹੇ ਇਸ ਦੇਸ਼ ਨਾਲ ਨਵਾਂ ਸੁਰੱਖਿਆ ਸਮਝੌਤੇ 'ਤੇ ਦਸਤਖਤ ਕਰਨ ਲਈ ਵਿਸ਼ਵ ਦੇ ਦੂਸਰੇ ਨੇਤਾਵਾਂ ਨਾਲ ਅਚਨਚੇਤ ਯੂਕਰੇਨ ਦੀ ਰਾਜਧਾਨੀ ਦਾ ਦੌਰਾ ਕੀਤਾ। ਇਸ ਸਮਝੌਤੇ ਵਿਚ ਇਸ ਸਾਲ ਦੇ ਅਖੀਰ ਤਕ ਨਵੇਂ ਸੈਨਿਕ ਖਰਚਿਆਂ ਵਿਚ 320 ਮਿਲੀਅਨ ਡਾਲਰ ਦੀ ਸਹਾਇਤਾ ਵੀ ਸ਼ਾਮਿਲ ਹੈ। ਇਹ ਦੌਰਾ ਖ਼ੂਨੀ ਸੰਘਰਸ਼ ਨੂੰ ਦੇਖਦੇ ਹੋਏ ਕੌਮਾਂਤਾਰੀ ਇਕਜੁਟਤਾ ਦਾ ਦਿਖਾਵਾ ਕਰਨ ਲਈ ਵਿਸ਼ਵਵਿਆਪੀ ਮੁਹਿਮ ਦਾ ਹਿਸਾ ਸੀ ਜਿਸ ਬਾਰੇ ਮਾਹਿਰਾਂ ਦਾ ਕਹਿਣਾ ਕਿ ਲੜਾਈ ਦਾ ਕੋਈ ਅੰਤ ਨਹੀਂ ਦਿਸਦਾ। ਟਰੂਡੋ ਹੋਸਟੋਮੇਲ ਹਵਾਈ ਅੱਡੇ 'ਤੇ *(ਬਾਕੀ ਸਫ਼ਾ 10 'ਤੇ)*

# ਸ਼ੂਗਰ ਅਤੇ ਗਰਭ ਨਿਰੋਧਕ ਦਵਾਈਆਂ ਮੁਫ਼ਤ ਮਿਲਣਗੀਆਂ

## ਐਨ.ਡੀ.ਪੀ. ਤੇ ਲਿਬਰਲ ਵਿਚਾਲੇ ਸਮਝੌਤਾ ਸਿਰੇ ਚੜ੍ਹਿਆ

ਓਟਵਾ ( ਦੇ ਪ੍ਰ ਬਿ)-ਐਨਡੀਪੀ ਅਤੇ ਲਿਬਰਲਜ਼ ਦਾ ਕਹਿਣਾ ਕਿ ਉਹ ਕੌਮੀ ਫਾਰਮਾਕੇਅਰ ਪ੍ਰੋਗਰਾਮ ਦੇ ਪਹਿਲੇ ਹਿੱਸੇ ਨੂੰ ਲਾਗੂ ਕਰਨ ਲਈ ਇਕ ਸਮਝੌਤੇ 'ਤੇ ਪਹੁੰਚ ਗਏ ਹਨ ਜਿਸ ਵਿਚ ਗਰਭ ਨਿਰੋਧਕ ਉਪਾਵਾਂ ਤੇ ਸ਼ੂਗਰ ਦੀਆਂ ਦਵਾਈਆਂ ਦੀ ਇਕ ਵਿਸ਼ਾਲ ਰੇਂਜ ਲਈ ਫੈਡਰਲ ਫੰਡ ਸ਼ਾਮਿਲ ਹੋਣਗੇ। ਫਾਰਮਾਕੇਅਰ ਸਮਝੌਤਾ ਅਖੌਤੀ ਸਪਲਾਈ ਐਂਡ ਕਾਨਫੀਡੈਂਸ ਸਮਝੌਤੇ ਨੂੰ ਜਿਉਂਦਾ ਰੱਖੇਗਾ ਜਿਸ ਤਹਿਤ ਐਨਡੀਪੀ ਨੇ ਮੁੱਖ ਨੀਤੀ ਰਿਆਇਤਾਂ ਬਦਲੇ ਹਾਊਸ ਆਫ ਕਾਮਨਜ਼ ਵਿਚ ਘੱਟਗਿਣਤੀ ਸਰਕਾਰ ਦਾ ਸਮਰਥਨ ਕੀਤਾ ਹੈ। ਦੋਵਾਂ ਪਾਰਟੀਆਂ ਨੇ ਇਕ ਮਾਰਚ ਤਕ ਫਾਰਮਾਕੇਅਰ ਸਮਝੌਤਾ ਕਰਨਾ ਸੀ ਅਤੇ ਐਨਡੀਪੀ ਆਗੂ ਜਗਮੀਤ ਸਿੰਘ ਨੇ ਚਿਤਾਵਨੀ ਦਿੱਤੀ ਸੀ ਕਿ ਅਜਿਹਾ ਨਾ ਹੋਣ 'ਤੇ ਸਾਰਾ ਸਮਝੌਤਾ ਰੱਦ ਕਰ ਦਿੱਤਾ ਜਾਵੇਗਾ। ਪਿਛਲੇ ਹਫਤੇ ਗਲੋਬ ਐਂਡ ਮੇਲ ਨੇ ਆਪਣੀ ਰਿਪੋਰਟ ਵਿਚ ਦੱਸਿਆ ਸੀ ਕਿ ਨਵੇਂ ਫਾਰਮਾਕੇਅਰ ਪ੍ਰੋਗਰਾਮ ਵਿਚ ਸ਼ੂਗਰ ਦੀਆਂ ਦਵਾਈਆਂ ਤੇ ਗਰਭ ਨਿਰੋਧਕ ਉਪਾਅ ਤੇ ਦਵਾਈਆਂ ਲਈ ਫੰਡ ਸ਼ਾਮਿਲ ਹੋਣਗੇ। ਇਕ ਮੁਲਾਕਾਤ ਵਿਚ ਜਗਮੀਤ ਸਿੰਘ ਨੇ ਕਿਹਾ ਸੀ ਕਿ ਲੋਕ ਛੇਤੀ ਹੀ ਬਿਨ੍ਹਾਂ ਪੈਸਾ ਖਰਚੇ ਗਰਭ ਨਿਰੋਧਕ ਅਤੇ ਸ਼ੂਗਰ ਦੀਆਂ ਦਵਾਈਆਂ ਪ੍ਰਾਪਤ ਕਰ ਸਕਣਗੇ। ਇਹ ਇਕ ਵੱਡਾ ਕਦਮ ਹੈ ਅਤੇ ਇਤਿਹਾਸਕ ਗੱਲ ਹੈ। ਪ੍ਰੋਗਰਾਮ ਦੇ ਵੇਰਵਿਆਂ ਦਾ ਖੁਲਾਸਾ ਬਿੱਲ ਵਿਚ ਕੀਤਾ ਜਾਵੇਗਾ ਜਿਹੜਾ ਅਗਲੇ ਹਫ਼ਤੇ ਹਾਊਸ ਆਫ ਕਾਮਨਜ਼ ਵਿਚ ਪੇਸ਼ ਕੀਤਾ ਜਾਵੇਗਾ। ਸਿਹਤ ਮੰਤਰੀ ਮਾਰਕ ਹਾਲੈਂਡ ਦੇ ਦਫ਼ਤਰ ਨੇ ਸੰਸਦੀ ਅਧਿਕਾਰਾਂ ਦਾ ਹਵਾਲਾ ਦਿੰਦਿਆਂ ਕਾਨੂੰਨ ਨੂੰ ਪੇਸ਼ ਕੀਤੇ ਜਾਣ ਤਕ ਸਮਝੌਤੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਪ੍ਰੋਗਰਾਮ ਨੂੰ ਲਾਗੂ ਕਰਨ ਦੀ ਸਹੀ ਸਮੇਂ ਦੀ ਹੱਦ ਅਜੇ ਰਿਲੀਜ਼ ਨਹੀਂ ਕੀਤੀ ਗਈ ਪਰ ਸਿੰਘ ਨੇ ਕਿਹਾ ਕਿ ਇਹ ਤੁਰੰਤ ਅਤੇ



ਅਗਲੀਆਂ ਚੋਣਾਂ ਤੋਂ ਪਹਿਲਾਂ ਲਾਗੂ ਹੋਵੇਗਾ। ਸਿੰਘ ਨੇ ਦੱਸਿਆ ਕਿ ਉਹ ਪ੍ਰੋਗਰਾਮ ਦੇ ਖਰਚ ਦਾ ਖੁਲਾਸਾ ਕਰਨ ਲਈ ਸੁਤੰਤਰ ਨਹੀਂ ਪਰ ਇਸ ਸਮਝੌਤੇ ਨਾਲ ਜੁੜੇ ਇਕ ਸੂਤਰ ਨੇ ਦੱਸਿਆ ਕਿ ਇਕ ਵਾਰ ਲਾਗੂ ਕੀਤੇ ਜਾਣ ਪਿੱਛੋਂ ਸਾਲਾਨਾ ਇਸ 'ਤੇ ਕਰਦਾਤਾਵਾਂ ਦੇ ਇਕ ਅਰਬ ਡਾਲਰ ਤੋਂ ਵੀ ਵੱਧ ਖਰਚ ਹੋਣਗੇ। ਐਨਡੀਪੀ ਨੇ ਦੱਸਿਆ ਕਿ ਸਮਝੌਤੇ ਦਾ ਮਤਲਬ ਲੋਕਾਂ ਨੂੰ ਗਰਭ ਕੰਟਰੋਲ ਕਰਨ ਵਾਲੀਆਂ ਦਵਾਈਆਂ, ਇੰਟਰਾਟੇਰੀਨ ਉਪਕਰਨ, ਮੌਰਨਿੰਗ ਆਫਟਰ ਪਿਲ ਅਤੇ ਗਰਭਪਾਤ ਦੀ ਗੋਲੀ ਲਈ ਪੈਸੇ ਨਹੀਂ ਦੇਣੇ ਪੈਣਗੇ।

For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
• ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
• ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
• Complete Denture
• Implant Denture
• Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਜੁੜੇ ਦੰਦਾਂ ਨੂੰ ਫਿੱਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD
Gagan Chahal R.D.
Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

MORTGAGE SPECIALIST!
Residential Construction, Commercial and Private Mortgages
• Pre - Approval available in 24 Hours - rate hold - 120 days
• Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

TRANSource FREIGHTWAYS
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
BC - ALBERTA ALBERTA - BC
Fuel and Insurance Paid by Company
NO DEDUCTIONS!!
ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸ਼ਨੀਵਾਰ: 604-808-9805
Email:safety@transourcefreightways.com

mortgages lab
ਕਿਸੇ ਵੀ ਤਰ੍ਹਾਂ ਦੀ ਮੋਰਗੇਜ ਲੈਣ ਲਈ ਸੰਪਰਕ ਕਰੋ
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੇਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੋਰਗੇਜ
Rate hold from 6 months to 1 year
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Get Preapproval in 2 Hours
Licensed professional mortgage broker

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht
(Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜ਼ਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖ਼ਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


FRASERVIEW
BANQUET HALL
presents
the Views
dosa hub
FUSION OF FLAVOURS
IN OUR EVERY BITE
LUNCH SPECIALS
11 AM - 3 PM
HAPPY HOURS
4 PM - 6 PM
8248, Fraser Street
236-455-5848
viewsdosahub.com

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
52 YEARS OF EXCELLENCE THE LINK GROUP
WEEKLY NEWSPAPER
VOL. : 12 ISSUE : 09 SATURDAY, 02 March, 2024
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਕਿਸਾਨ ਅੰਦੋਲਨ ਦੇ ਸ਼ਹੀਦ ਸ਼ੁਭਕਰਨ ਸਿੰਘ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ

## ਅੰਤਿਮ ਰਸਮਾਂ 'ਚ ਕਿਸਾਨ ਆਗੂ, ਰਾਜਸੀ ਤੇ ਧਾਰਮਿਕ ਖੇਤਰ ਦੀਆਂ ਸ਼ਖ਼ਸੀਅਤਾਂ ਹੋਈਆਂ ਸ਼ਾਮਲ



ਪਟਿਆਲਾ-ਕਿਸਾਨੀ ਸੰਘਰਸ਼ ਦੌਰਾਨ ਖਨੌਰੀ ਬਾਰਡਰ 'ਤੇ 21 ਫਰਵਰੀ ਨੂੰ ਜਾਨ ਗਵਾਉਣ ਵਾਲੇ ਨੌਜਵਾਨ ਸ਼ੁਭਕਰਨ ਸਿੰਘ ਦਾ ਪਿੰਡ ਬੱਲ੍ਹੋ ਵਿਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਪੰਜਾਬ ਸਰਕਾਰ ਵੱਲੋਂ ਕਿਸਾਨ ਆਗੂਆਂ ਦੀਆਂ ਮੰਗਾ ਮੰਨੇ ਜਾਣ ਤੋਂ ਬਾਅਦ ਮ੍ਰਿਤਕ ਦੇਹ ਪਟਿਆਲਾ ਤੋਂ ਵੱਡੇ ਕਾਫਲੇ ਦੇ ਰੂਪ ਵਿੱਚ ਪਿੰਡ ਬੱਲ੍ਹੋ ਸਥਿਤ ਕਿਸਾਨ ਦੇ ਘਰ ਲਿਆਂਦੀ ਗਈ, ਜਿੱਥੇ ਪਹਿਲਾਂ ਹੀ ਵੱਡੀ ਗਿਣਤੀ ਵਿਚ ਲੋਕ ਪੁੱਜੇ ਹੋਏ ਸਨ। ਇਨ੍ਹਾਂ ਵਿੱਚ ਸਮਾਜ ਸੇਵੀ, ਕਿਸਾਨ ਜਥੇਬੰਦੀਆਂ ਦੇ ਆਗੂ ਤੇ ਸਿਆਸੀ ਆਗੂ ਵੀ ਸ਼ਾਮਲ ਸਨ। ਪੰਜਾਬ ਸਰਕਾਰ ਵੱਲੋਂ ਸ਼ੁਭਕਰਨ ਦੀ ਭੈਣ ਨੂੰ ਪੁਲੀਸ 'ਚ ਨੌਕਰੀ ਦਿੱਤੀ ਜਾਵੇਗੀ। ਬੀਕੇਯੂ ਸਿੱਧੂਪੁਰ ਦੇ ਸੀਨੀਅਰ ਆਗੂ ਕਾਕਾ ਸਿੰਘ ਕੋਟੜਾ ਨੇ ਦੱਸਿਆ ਕਿ ਕਿਸਾਨਾਂ ਵੱਲੋਂ ਮ੍ਰਿਤਕ ਨੌਜਵਾਨ ਦੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਮੰਗਾ ਰੱਖੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪਰਿਵਾਰ ਨੂੰ ਇੱਕ ਕਰੋੜ ਰੁਪਏ ਅਤੇ ਇੱਕ ਸਰਕਾਰੀ ਨੌਕਰੀ ਦੇਣ ਦੀ ਮੰਗ ਤਾਂ ਪਹਿਲਾਂ ਹੀ ਮੰਨ ਲਈ ਸੀ ਪਰ ਕਿਸਾਨਾਂ 'ਤੇ ਗੋਲੀ ਚਲਾਉਣ ਵਾਲਿਆਂ ਖਿਲਾਫ਼ ਬਣਦੀ ਕਾਰਵਾਈ ਨਾ ਕੀਤੇ ਜਾਣ ਕਰਕੇ ਕਿਸਾਨਾਂ ਵੱਲੋਂ ਰਾਮਪੁਰਾ ਫੂਲ ਵਿੱਚ ਮੁੱਖ ਮਾਰਗ 'ਤੇ ਜਾਮ ਲਗਾ ਕੇ ਧਰਨਾ ਦਿੱਤਾ ਜਾ ਰਿਹਾ ਸੀ। ਪ੍ਰਸ਼ਾਸਨ ਵੱਲੋਂ ਮੁਲਜ਼ਮਾਂ ਖਿਲਾਫ਼ ਐੱਫਆਈਆਰ ਦਰਜ ਕੀਤੇ ਜਾਣ ਮਗਰੋਂ ਮ੍ਰਿਤਕ ਸ਼ੁਭਕਰਨ ਦੀ ਦੇਹ ਪੋਸਟ ਮਾਰਟਮ ਉਪਰੰਤ ਅੱਜ ਅੰਤਿਮ ਰਸਮਾਂ ਲਈ ਪਿੰਡ ਬੱਲ੍ਹੋ ਭੇਜ ਦਿੱਤੀ ਗਈ ਹੈ।

ਸ਼ੁਭਕਰਨ ਦੇ ਸਸਕਾਰ ਮੌਕੇ ਕਿਸਾਨਾਂ ਨੇ 'ਸ਼ਹੀਦਾਂ ਦੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ' ਦੇ ਨਾਅਰੇ ਲਗਾਏ ਤੇ ਇਸ ਦੌਰਾਨ ਮਾਹੌਲ ਕਾਫ਼ੀ ਗ਼ਮਗੀਨ ਹੋ ਗਿਆ। ਸਸਕਾਰ ਦੀਆਂ ਸਾਰੀਆਂ ਰਸਮਾਂ ਸ਼ੁਭਕਰਨ ਦੇ ਪਿਤਾ ਵੱਲੋਂ ਨਿਭਾਈਆਂ ਗਈਆਂ। ਪਿੰਡ ਵਾਸੀ ਤੇ ਕਿਸਾਨ ਆਗੂ ਬੂਟਾ ਸਿੰਘ, ਗੁਰਪ੍ਰੀਤ ਸਿੰਘ ਅਤੇ ਨੰਬਰਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਸ਼ੁਭਕਰਨ ਸਿੰਘ ਸੰਗਾਊ ਸੁਭਾਅ ਵਾਲਾ ਸੀ ਤੇ ਉਸ ਕੋਲ ਢਾਈ ਏਕੜ ਜ਼ਮੀਨ ਸੀ। ਉਨ੍ਹਾਂ ਦੱਸਿਆ ਉਹ ਪੜ੍ਹਾਈ ਅੱਧ ਵਿਚਾਲੇ ਛੱਡ ਕੇ ਖੇਤੀ ਕਰਨ ਲੱਗ ਪਿਆ ਸੀ। ਸਸਕਾਰ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਕਾਂਗਰਸੀ ਆਗੂ ਤੇ ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ, ਬੀਕੇਯੂ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ, ਬੀਕੇਯੂ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਕਿਸਾਨ ਮਜ਼ਦੂਰ ਏਕਤਾ ਦੇ ਪ੍ਰਧਾਨ ਸਰਵਣ ਸਿੰਘ ਪੰਧੇਰ, ਬੀਕੇਯੂ ਕ੍ਰਾਂਤੀਕਾਰੀ (ਬਾਕੀ ਸਫ਼ਾ 10 'ਤੇ)

## ਸ਼ੁਭਕਰਨ ਦੀ ਮੌਤ ਦੇ ਮਾਮਲੇ ਵਿਚ ਪੰਜਾਬ ਪੁਲੀਸ ਵੱਲੋਂ ਕੇਸ ਦਰਜ

ਪਟਿਆਲਾ-ਖਨੌਰੀ ਬਾਰਡਰ ਉਤੇ ਪਿਛਲੇ ਦਿਨੀਂ ਫੌਤ ਹੋਏ ਕਿਸਾਨ ਸ਼ੁਭਕਰਨ ਸਿੰਘ ਦੇ ਮਾਮਲੇ ਵਿਚ ਜ਼ਿਲ੍ਹਾ ਪਟਿਆਲਾ ਪੁਲੀਸ ਨੇ ਦੇਰ ਰਾਤ ਥਾਣਾ ਪਾਤੜਾਂ ਵਿਚ ਧਾਰਾ 302 ਅਤੇ 114 ਤਹਿਤ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ। ਇਸ ਦੇ ਨਾਲ ਹੀ ਰਾਜਿੰਦਰਾ ਹਸਪਤਾਲ ਵਿਚ ਬੀਤੇ 8 ਦਿਨਾਂ ਤੋਂ ਪਈ ਸ਼ੁਭਕਰਨ ਦੀ ਮ੍ਰਿਤਕ ਦੇਹ ਦਾ ਪੋਸਟਮਾਰਟਮ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਗਈ। ਦੇਰ ਰਾਤ ਨੂੰ ਹੀ ਉਸ ਦਾ ਪੋਸਟ ਮਾਰਟਮ ਕੀਤੇ ਜਾਣ ਦੀ ਸੰਭਾਵਨਾ ਜਤਾਈ ਜਾ ਰਹੀ ਸੀ। ਇਸ ਤੋਂ ਪਹਿਲਾਂ ਰਾਤ ਕਰੀਬ ਦਸ ਵਜੇ ਕਿਸਾਨਾਂ ਨੇ ਜਬਰੀ ਪੋਸਟਮਾਰਟਮ ਕਰਵਾਏ ਜਾਣ ਦੇ ਖਦਸ਼ੇ ਤਹਿਤ ਹਸਪਤਾਲ 'ਚ ਨਾਅਰੇਬਾਜ਼ੀ ਕੀਤੀ। ਕਿਸਾਨਾਂ ਦੀ ਅਗਵਾਈ ਕਰ ਰਹੇ ਜ਼ੋਰਾਵਰ ਸਿੰਘ ਬਲਬੇੜਾ ਦਾ ਕਹਿਣਾ ਸੀ ਕਿ ਅੱਜ ਰਾਤੀਂ ਕੁਝ ਡਾਕਟਰ ਮੁਰਦਾਘਾਟ 'ਚ ਪਹੁੰਚ ਗਏ ਸਨ ਪਰ ਕਿਸਾਨਾਂ ਨੇ ਇਸ ਸਬੰਧੀ ਪੁਲੀਸ ਨਾਲ ਰਾਬਤਾ ਸਾਧਿਆ ਅਤੇ ਕਿਹਾ ਕਿ ਜਿੰਨਾ ਚਿਰ ਉਨ੍ਹਾਂ ਨੂੰ ਐੱਫਆਈਆਰ ਦੀ ਕਾਪੀ ਨਹੀਂ ਮਿਲਦੀ, ਉਹ ਪੋਸਟਮਾਰਟਮ ਨਹੀਂ ਹੋਣ ਦੇਣਗੇ।

## ਸੰਯੁਕਤ ਕਿਸਾਨ ਮੋਰਚੇ ਵੱਲੋਂ ਸੁਪਰੀਮ ਕੋਰਟ ਦੇ ਜੱਜ ਤੋਂ ਜਾਂਚ ਕਰਵਾਉਣ ਦੀ ਮੰਗ

ਪਟਿਆਲਾ - ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਸਬੰਧੀ ਪਾਤੜਾਂ ਥਾਣੇ 'ਚ ਦਰਜ ਹੋਈ ਐਫਆਈਆਰ (ਨੰਬਰ ਜ਼ੀਰੋ) 'ਚ ਸਿੱਧੇ ਤੌਰ 'ਤੇ ਹਰਿਆਣਾ ਪੁਲੀਸ ਦਾ ਕੋਈ ਜ਼ਿਕਰ ਨਹੀਂ ਹੈ। ਦਰਜ ਕਰਵਾਏ ਗਏ ਬਿਆਨਾਂ 'ਚ ਆਖਿਆ ਗਿਆ ਹੈ ਕਿ ਸ਼ੁਭਕਰਨ ਦੇ ਸਿਰ 'ਚ ਲੱਗੀ ਗੋਲੀ ਹਰਿਆਣਾ ਵਾਲੇ ਪਾਸਿਓਂ ਆਈ ਸੀ। ਸ਼ੁਭਕਰਨ ਦਾ ਪਿਤਾ ਫਰਿਆਦ ਕਰ ਰਿਹਾ ਹੈ ਕਿ ਉਸ ਦੇ ਪੁੱਤ ਦੇ ਗੋਲ਼ੀ ਮਾਰਨ ਵਾਲਿਆਂ ਖਿਲਾਫ਼ ਕਾਰਵਾਈ ਕੀਤੀ ਜਾਵੇ। ਸੰਯੁਕਤ ਕਿਸਾਨ ਮੋਰਚੇ ਨੇ ਇਸ ਕਾਰਵਾਈ ਨੂੰ ਗਲਤ ਦੱਸਿਆ ਹੈ। ਮੋਰਚੇ ਦੇ ਬੁਲਾਰੇ ਤੇ ਆਲ ਇੰਡੀਆ ਕਿਸਾਨ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਐਡਵੋਕੇਟ ਪ੍ਰੇਮ ਸਿੰਘ ਭੰਗੂ ਨੇ ਸ਼ੁਭਕਰਨ ਸਿੰਘ ਦੀ ਮੌਤ ਸਬੰਧੀ ਸੁਪਰੀਮ ਕੋਰਟ ਦੇ ਜੱਜ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਐਫਆਈਆਰ 'ਚ ਹਰਿਆਣਾ ਪੁਲੀਸ ਦਾ ਜ਼ਿਕਰ ਕਿਉਂ ਨਹੀਂ ਕੀਤਾ ਗਿਆ।

## ਅਣਪਛਾਤਿਆਂ 'ਤੇ ਕੇਸ ਦਰਜ ਕਰਕੇ ਧੋਖਾ ਕੀਤਾ



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਇਥੇ ਕਿਹਾ ਕਿ ਪੰਜਾਬ ਸਰਕਾਰ ਨੇ ਸ਼ੁਭਕਰਨ ਸਿੰਘ ਦੇ ਕਤਲ ਮਾਮਲੇ 'ਚ ਅਣਪਛਾਤੇ ਲੋਕਾਂ ਖ਼ਿਲਾਫ਼ ਕੇਸ ਦਰਜ ਕਰ ਕੇ ਕਿਸਾਨਾਂ ਨਾਲ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਸ਼ੁਭਕਰਨ ਦੀ ਮੌਤ ਸਬੰਧੀ ਸਖ਼ਤ ਕਾਰਵਾਈ ਦਾ ਭਰੋਸਾ ਦਿੱਤਾ ਸੀ ਪਰ ਸੂਬਾ ਸਰਕਾਰ ਨੇ ਜਾਣ ਬੁੱਝ ਕੇ ਇੱਕ ਕਮਜ਼ੋਰ ਕੇਸ ਦਰਜ ਕਰਾਇਆ ਹੈ ਜੋ ਅਦਾਲਤ 'ਚ ਮੂਧੇ ਮੂੰਹ ਡਿੱਗੇਗਾ। ਉਨ੍ਹਾਂ ਕਿਹਾ ਕਿ ਸ਼ੁਭਕਰਨ ਦੀ ਹੱਤਿਆ ਦੇ ਮਾਮਲੇ ਵਿੱਚ ਪੰਜਾਬ ਪੁਲੀਸ ਨੇ ਹਰਿਆਣਾ ਦੇ ਮੁੱਖ ਮੰਤਰੀ ਜਾਂ ਗ੍ਰਹਿ ਮੰਤਰੀ ਵਿਰੁੱਧ ਕੇਸ ਦਰਜ ਕਿਉਂ ਨਹੀਂ ਕਰਵਾਇਆ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੂਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਸਮਝਦਾਰ ਕੰਸਰਵੇਟਿਵ ਟੈਕਸਾਂ ਨੂੰ ਘਟਾਉਣ ਤੇ ਘਰਾਂ ਦੀ ਉਸਾਰੀ ਕਰਨਗੇ-ਹੱਲਣ



ਓਟਵਾ-ਕੰਸਰਵੇਟਿਵ ਐਮਪੀ ਜਸਰਾਜ ਹੱਲਣ ਨੇ ਹਾਊਸ ਆਫ ਕਾਮਨਜ਼ ਵਿਚ ਸਪੀਕਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੰਸਰਵੇਟਿਵਜ਼ ਅਸਹਿਮਤੀ ਵਾਲੀ ਰਿਪੋਰਟ ਪੇਸ਼ ਕਰ ਰਹੇ ਹਨ। ਕਮੇਟੀ ਦੀ ਰਿਪੋਰਟ ਲਿਬਰਲ-ਐਨਡੀਪੀ ਸਰਕਾਰ ਦੇ ਕੰਟਰੋਲ ਤੋਂ ਬਾਹਰ ਘਾਟੇ ਵਾਲੇ ਖਰਚਿਆਂ ਨੂੰ ਘਟਾਉਣ ਦੀ ਸਿਫਾਰਸ਼ ਨਹੀਂ ਕਰਦੀ ਜਿਨ੍ਹਾਂ ਨੇ ਮਹਿੰਗਾਈ ਤੇ ਵਿਆਜ ਦਰਾਂ ਵਧਾਈਆਂ ਹਨ। ਇਹ ਕੈਨੇਡਾ ਦੀ ਜੀਡੀਪੀ ਨੂੰ ਹੱਲ ਨਹੀਂ ਕਰਦੀ ਜਿਹੜੀ ਸਤੰਬਰ 2022 ਤੋਂ ਘੱਟ ਰਹੀ ਹੈ ਅਤੇ 2018 ਦੇ ਮੁਕਾਬਲੇ ਘੱਟ ਹੈ। ਇਹ ਕਾਰਬਨ ਟੈਕਸ ਘੁਟਾਲੇ ਨੂੰ ਖਤਮ ਕਰਨ ਜਾਂ ਲਿਬਰਲਜ਼ ਦੇ ਕਿਸੇ ਦੂਸਰੇ ਟੈਕਸ ਵਾਧੇ ਨੂੰ ਵਾਪਸ ਲੈਣ ਦੀ ਸਿਫਾਰਸ਼ ਨਹੀਂ ਕਰਦੀ। ਕੈਨੇਡੀਅਨ ਰਹਿਣ ਦੇ ਸੰਕਟ ਵਿਚ ਫਸੇ ਹੋਏ ਹਨ ਅਤੇ ਗਰੀਬ ਹੋ ਰਹੇ ਹਨ। ਲਿਬਰਲ-ਐਨਡੀਪੀ ਸਰਕਾਰ ਦੇ ਅੱਠ ਸਾਲ ਪਿੱਛੋਂ ਲਿਬਰਲ ਪ੍ਰਧਾਨ ਮੰਤਰੀ ਨੂੰ ਇਸ ਦੀ ਕੋਈ ਪ੍ਰਵਾਹ ਨਹੀਂ। ਸਮਝਦਾਰ ਕੰਸਰਵੇਟਿਵ ਟੈਕਸ ਘਟਾਉਣਗੇ, ਘਰਾਂ ਦੀ ਉਸਾਰੀ ਕਰਨਗੇ, ਬਜਟ ਨੂੰ ਠੀਕ ਕਰਨਗੇ ਤੇ ਅਪਰਾਧ ਰੋਕਣਗੇ।






# ਫਾਰਮਾਕੇਅਰ ਨਾਲ ਕੈਨੇਡਾ ਦੀ ਵਿੱਤੀ ਸਥਿਤੀ ਨੂੰ ਕੋਈ ਖ਼ਤਰਾ ਨਹੀਂ-ਫ੍ਰੀਲੈਂਡ



ਓਟਵਾ-ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਕਿਹਾ ਕਿ ਫਾਰਮਾਕੇਅਰ ਨਾਲ ਕੈਨੇਡਾ ਦੀ ਵਿੱਤੀ ਸਥਿਤੀ ਨੂੰ ਕੋਈ ਖ਼ਤਰਾ ਪੈਦਾ ਨਹੀਂ ਹੋਵੇਗਾ ਕਿਉਂਕਿ ਫੈਡਰਲ ਸਰਕਾਰ ਪੱਤਝੜ ਰੁੱਤ ਵਾਲੇ ਖਰਚਾ ਨਿਯਮਾਂ ਦੀ ਪਾਲਣਾ ਕਰਨ ਦਾ ਇਰਾਦਾ ਰੱਖਦੀ ਹੈ। ਐਨਡੀਪੀ ਨੇ ਸ਼ੁੱਕਰਵਾਰ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਸ ਦਾ ਲਿਬਰਲਜ਼ ਨਾਲ ਫਾਰਮਾਕੇਅਰ ਨੂੰ ਲੈ ਕੇ ਸਮਝੌਤਾ ਹੋ ਗਿਆ ਹੈ ਜਿਸ ਤਹਿਤ ਹੈਲਥ ਕਾਰਡ ਵਾਲੇ ਹਰੇਕ ਕੈਨੇਡੀਅਨ ਦੀ ਸ਼ੂਗਰ ਅਤੇ ਜਨਮ ਕੰਟਰੋਲ ਕਰਨ ਵਾਲੀਆਂ ਦਵਾਈਆਂ ਤਕ ਮੁਫਤ ਪਹੁੰਚ ਹੋਵੇਗੀ। ਕਵਰੇਜ ਵਿਚ ਨੈਸ਼ਨਲ ਫਾਰਮਾਕੇਅਰ ਪ੍ਰੋਗਰਾਮ ਨੂੰ ਸ਼ਾਮਿਲ ਕੀਤਾ ਜਾਣਾ ਹੈ ਜਿਹੜਾ ਦੋਵਾਂ ਪਾਰਟੀਆਂ ਵਿਚਕਾਰ ਸਪਲਾਈ ਐਂਡ ਕਾਨਫੀਡੈਂਸ ਸਮਝੌਤੇ ਦਾ ਮੁੱਖ ਥੰਮ ਹੈ। ਇਸ ਸਬੰਧੀ ਕਾਨੂੰਨ ਇਸੇ ਹਫ਼ਤੇ ਹਾਊਸ ਆਫ ਕਾਮਨਜ਼ ਵਿਚ ਪੇਸ਼ ਕੀਤੇ ਜਾਣ ਦੀ ਆਸ ਹੈ। ਪੋਲਿਸ਼ ਸੈਨਿਕ ਅੱਡੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਫ੍ਰੀਲੈਂਡ ਨੇ ਕਿਹਾ ਕਿ ਫੈਡਰਲ ਸਰਕਾਰ ਲੋਕਾਂ ਵਿਚ ਨਿਵੇਸ਼ ਕਰਨ ਅਤੇ ਵਿੱਤੀ ਮਜ਼ਬੂਰੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਸਹੀ ਸੰਤੁਲਨ ਬਣਾਉਣ ਲਈ ਵਚਨਬੱਧ ਹੈ। ਸਾਡੀ ਸਰਕਾਰ ਲਈ ਕੈਨੇਡਾ ਅਤੇ ਕੈਨੇਡੀਅਨਾਂ ਲਈ ਨਿਵੇਸ਼ ਕਰਨਾ ਬਹੁਤ ਮਹੱਤਵਪੂਰਣ ਹੈ ਅਤੇ ਅਜਿਹਾ ਵਿੱਤੀ ਤੌਰ 'ਤੇ ਜ਼ਿੰਮੇਵਾਰੀ ਵਾਲੇ ਤਰੀਕੇ ਨਾਲ ਕੀਤਾ ਜਾਵੇਗਾ। ਅਸੀਂ ਪੱਤਝੜ ਰੁੱਤ ਦੇ ਆਰਥਿਕ ਬਿਆਨਾਂ ਵਿਚ ਕੁਝ ਗੱਲਾਂ ਦਾ ਜ਼ਿਕਰ ਕੀਤਾ ਸੀ ਅਤੇ ਅਸੀਂ ਉਨ੍ਹਾਂ ਨੂੰ ਪੂਰਾ ਕਰਾਂਗੇ। ਲਿਬਰਲ ਸਰਕਾਰ ਨੂੰ ਉਸ ਸਮੇਂ ਫੈਡਰਲ ਘਾਟੇ ਵਿਚ ਵਾਧਾ ਨਾ ਕਰਨ ਦਾ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਦੋਂ ਆਰਥਿਕਤਾ ਦੀ ਚਾਲ ਮੱਠੀ ਹੈ ਅਤੇ ਵਿਆਜ ਦਰਾਂ ਜ਼ਿਆਦਾ ਹਨ।

# ਪੁਰਸਕਾਰ ਜੇਤੂ ਮੌਰਟਗੇਜ ਬ੍ਰੋਕਰ ਸ਼ਰਨਜੀਤ ਸਿੰਘ ਗਿੱਲ 2024 ਦੀ ਫਾਈਨਿਲਸਟਾਂ ਦੀ ਸੂਚੀ ਵਿਚ ਸ਼ਾਮਿਲ



ਸਰੀ-ਇਹ ਭਾਰਤ-ਕੈਨੇਡੀਅਨ ਕਮਿਊਨਿਟੀ ਲਈ ਮਾਣ ਵਾਲਾ ਪਲ ਹੈ ਕਿ ਮੌਰਟਗੇਜ ਬ੍ਰੋਕਰ ਸ਼ਰਨਜੀਤ ਸਿੰਘ ਗਿੱਲ ਇਕ ਵਾਰ ਫਿਰ 2024 ਵਿਚ ਬ੍ਰੋਕਰ ਆਫ ਦੀ ਯੀਅਰ (ਰਿਜ਼ਨਲ-ਬ੍ਰਿਟਿਸ਼ ਕੋਲੰਬੀਆ) ਪੁਰਸਕਾਰ ਲਈ ਫਾਈਨਲ ਸੂਚੀ ਵਿਚ ਸ਼ਾਮਿਲ ਹੋ ਗਿਆ ਹੈ। ਇਕ ਵੱਖਰੀ ਪ੍ਰਾਪਤੀ ਵਿਚ ਉਨ੍ਹਾਂ ਦੀ ਕੰਪਨੀ ਵੇਰੀਕੋ ਸੁਪੀਰੀਅਰ ਮੌਰਟਗੇਜ਼ 25 ਮੁਲਾਜ਼ਮਾਂ ਤੋਂ ਘੱਟ ਮੁਲਾਜ਼ਮਾਂ ਵਾਲੀ ਕੰਪਨੀ ਦੇ ਵਰਗ ਵਿਚ ਬ੍ਰੋਕਰ ਆਫ ਦੀ ਯੀਅਰ ਐਵਾਰਡ ਦੀ ਅੰਤਿਮ ਸੂਚੀ ਵਿਚ ਆਪਣੀ ਥਾਂ ਬਣਾਈ ਹੈ। ਸਾਨੂੰ 2024 ਇਨ੍ਹਾਂ ਦੋ ਮਹੱਤਵਪੂਰਣ ਪ੍ਰਾਪਤੀਆਂ 'ਤੇ ਖ਼ੁਸ਼ੀ ਮਹਿਸੂਸ ਹੋ ਰਹੀ ਹੈ। ਇਸ ਪ੍ਰਾਪਤੀ ਨੂੰ ਸਾਂਝਾ ਕਰਦਿਆਂ ਗਿੱਲ ਦੱਸਦੇ ਹਨ ਕਿ ਉਨ੍ਹਾਂ ਨੇ ਬੈਂਕਿੰਗ ਅਤੇ ਮੌਰਟਗੇਜ਼ ਵਿਚ 54 ਸਾਲ ਪੂਰੇ ਕਰ ਲਏ ਹਨ। ਮੈਂ ਤਿੰਨ ਦੇਸ਼ਾਂ ਭਾਰਤ, ਬਰਤਾਨੀਆ ਤੇ ਕੈਨੇਡਾ ਵਿਚ ਕੰਮ ਕੀਤਾ ਹੈ। ਉਨ੍ਹਾਂ ਦੱਸਿਆ ਕਿ ਬੈਂਕਿੰਗ ਅਤੇ ਮੌਰਟਗੇਜ ਦੇ ਖੇਤਰ ਵਿਚ 54 ਸਾਲ ਇਮਾਨਦਾਰੀ ਤੇ ਮਿਹਨਤ ਨਾਲ ਕੰਮ ਕਰਨ ਦਾ ਫਲ ਮਿਲਿਆ ਹੈ। ਭਾਰਤ ਵਿਚ ਯੂਕੋ ਬੈਂਕ ਵਿਚ ਸੀਨੀਅਰ ਮੈਨੇਜਰ ਅਹੁਦੇ 'ਤੇ ਰਹੇ ਗਿੱਲ ਨੇ 1995 ਵਿਚ ਕੈਨੇਡਾ ਵਿਚ ਆਪਣੀ ਕਿਸਮਤ ਅਜਮਾਉਣ ਦੀ ਕੋਸ਼ਿਸ਼ ਕਰਨ ਦਾ ਫ਼ੈਸਲਾ ਕੀਤਾ ਸੀ। 1996 ਵਿਚ ਬੈਂਕ ਆਫ ਮਾਂਟਰੀਅਲ ਵਿਚ ਮੈਨੇਜਰ ਵਜੋਂ ਕੰਮ ਕਰਨ ਵਾਲੇ ਉਹ ਪਹਿਲੇ ਦਸਤਾਰਧਾਰੀ ਸਿੱਖ ਸਨ। ਪੰਜ ਸਾਲ ਨੌਕਰੀ ਕਰਨ ਤੋਂ ਪੰਜ ਸਾਲ ਪਿੱਛੋਂ ਉਨ੍ਹਾਂ ਨੇ 2001 ਵਿਚ ਆਪਣੀਆਂ ਮੌਰਟਗੇਜ ਸੇਵਾਵਾਂ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਸੀ। 'ਦੀ ਲਿੰਕ' ਗਿੱਲ ਦੀ ਟੀਮ ਨੂੰ ਆਉਣ ਵਾਲੇ ਪੁਰਸਕਾਰਾਂ ਲਈ ਸ਼ੁਭਕਾਮਨਾਵਾਂ ਦਿੰਦਾ ਹੈ।







# ਸਰੀ ਕੌਂਸਲ ਨੇ ਵਿਕਾਸ ਲਾਗਤ ਚਾਰਜਿਸ ਦਰਾਂ 4.3 ਫ਼ੀਸਦੀ ਵਧਾਈਆਂ

ਸਰੀ-ਸਰੀ ਸਿਟੀ ਕੌਂਸਲ ਨੇ ਪੂੰਜੀ ਜੁਟਾਉਣ ਲਈ ਮਹਿੰਗਾਈ ਲਾਗਤ ਵਾਧੇ ਨੂੰ ਹੱਲ ਕਰਨ ਵਾਸਤੇ ਪਾਰਕਲੈਂਡ ਅਕੁਆਇਰ ਕਰਨ, ਸੜਕਾਂ, ਸੀਵਰੇਜ ਅਤੇ ਪਾਣੀ ਨਾਲ ਸਬੰਧਤ ਵਿਕਾਸ ਲਾਗਤ ਖਰਚਿਆਂ ਵਿਚ 2024 ਲਈ 4.3 ਫ਼ੀਸਦੀ ਦਾ ਵਾਧਾ ਕਰਨ ਦੇ ਪੱਖ ਵਿਚ ਵੋਟ ਦਿੱਤਾ ਹੈ। ਇਕ ਕਾਰਪੋਰੇਟ ਰਿਪੋਰਟ ਜਿਹੜੀ 26 ਫਰਵਰੀ ਨੂੰ ਕੌਂਸਲ ਦੇ ਸਾਹਮਣੇ ਆਈ ਸੀ ਇਹ ਸੰਕੇਤ ਦਿੰਦੀ ਹੈ ਕਿ ਤੀਸਰੀ ਪੜ੍ਹਤ ਦੀ ਮਨਜ਼ੂਰੀ ਮਿਲਣ ’ਤੇ ਜੋ ਸਬੰਧਤ ਬਾਈਲਾਅ ਮਿਲਿਆ ਹੈ ਉਸ ਨੂੰ ਮਨਜ਼ੂਰੀ ਲਈ ਮਿਉਂਸਪਲਟੀਜ਼ ਦੇ ਸੂਬਾ ਇੰਸਪੈਕਟਰ ਕੋਲ ਭੇਜਿਆ ਜਾਣਾ ਹੈ ਅਤੇ ਇਕ ਵਾਰ ਜਦੋਂ ਇਹ ਮਿਲ ਗਿਆ ਤਾਂ ਸਿਟੀ ਕਲਰਕ ਅੰਤਿਮ ਪ੍ਰਵਾਨਗੀ ਲਈ ਕੌਂਸਲ ਕੋਲ 2024 ਵਿਕਾਸ ਲਾਗਤ ਚਾਰਜ ਬਾਈਲਾਅ ਲੈ ਕੇ ਆਵੇਗਾ। ਇਸੇ ਦੌਰਾਨ ਸਿਟੀ ਸਟਾਫ ਨੇ ਸਿਫਾਰਸ਼ ਕੀਤੀ ਹੈ ਕਿ ਡਰੇਨੇਜ ਡੀਸੀਸੀ ਦਰਾਂ ਇਸ ਸਾਲ ਨਾ ਵਧਾਈਆਂ ਜਾਣ।

# ਮਰੀਅਮ ਨਵਾਜ਼ ਬਣੀ ਪਾਕਿਸਤਾਨੀ ਪੰਜਾਬ ਦੀ ਪਹਿਲੀ ਮਹਿਲਾ ਮੁੱਖ ਮੰਤਰੀ

## 220 ਵੋਟਾਂ ਹਾਸਲ ਕਰ ਕੇ ਬਹੁਮਤ ਸਾਬਿਤ ਕੀਤਾ

ਲਾਹੌਰ-ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐੱਮਐੱਲ-ਐੱਨ) ਦੀ ਸੀਨੀਅਰ ਆਗੂ ਅਤੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਧੀ ਮਰੀਅਮ ਨਵਾਜ਼ ਪੰਜਾਬ ਸੂਬੇ ਦੀ ਪਹਿਲੀ ਮਹਿਲਾ ਮੁੱਖ ਮੰਤਰੀ ਬਣ ਗਈ ਹੈ। ਪੀਐੱਮਐੱਲ-ਐੱਨ ਦੀ 50 ਸਾਲਾ ਸੀਨੀਅਰ ਮੀਤ ਪ੍ਰਧਾਨ ਮਰੀਅਮ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਦਾ ਸਮਰਥਨ ਪ੍ਰਾਪਤ ਸੁੰਨੀ ਇਤੇਹਾਦ ਕਾਊਂਸਲ (ਐੱਸਆਈਸੀ) ਦੇ ਚੁਣੇ ਗਏ ਨੁਮਾਇੰਦਿਆਂ ਦੇ ਵਾਕਆਊਟ ਦੌਰਾਨ ਮੁੱਖ ਮੰਤਰੀ ਅਹੁਦੇ ਦੀ ਚੋਣ ਜਿੱਤੀ। ਮਰੀਅਮ ਪੀਟੀਆਈ ਦਾ ਸਮਰਥਨ ਪ੍ਰਾਪਤ ਸੁੰਨੀ ਇਤੇਹਾਦ ਕਾਊਂਸਲ (ਐੱਸਆਈਸੀ) ਦੇ ਰਾਣਾ ਆਫ਼ਤਾਬ ਨੂੰ ਹਰਾ ਕੇ ਸਿਆਸੀ ਤੌਰ ‘ਤੇ ਅਹਿਮ ਮੰਨੇ ਜਾਂਦੇ ਪੰਜਾਬ ਪ੍ਰਾਂਤ ਦੀ ਮੁੱਖ ਮੰਤਰੀ ਬਣੀ ਹੈ। ਮਰੀਅਮ ਨੂੰ 220 ਵੋਟਾਂ ਮਿਲੀਆਂ ਜਦਕਿ ਰਾਣਾ ਆਫ਼ਤਾਬ ਨੂੰ ਕੋਈ ਵੋਟ ਨਹੀਂ ਮਿਲੀ ਕਿਉਂਕਿ ਉਨ੍ਹਾਂ ਦੀ ਪਾਰਟੀ ਨੇ ਇਸ



ਚੋਣ ਦਾ ਬਾਈਕਾਟ ਕਰ ਦਿੱਤਾ ਸੀ। ਪਾਕਿਸਤਾਨ ਦੇ ਪੰਜਾਬ ਪ੍ਰਾਂਤ ਦੀ ਆਬਾਦੀ 12 ਕਰੋੜ ਹੈ। ਨਵੇਂ ਚੁਣੇ ਗਏ ਸਪੀਕਰ ਮਲਿਕ ਅਹਿਮਦ ਖਾਨ ਨੇ ਇਜਲਾਸ ਦੀ ਪ੍ਰਧਾਨਗੀ ਕਰਦਿਆਂ ਕਿਹਾ, “ਵੋਟਾਂ ਦੀ ਗਿਣਤੀ ਕੀਤੀ ਗਈ ਜਿਸ ਮੁਤਾਬਕ ਮਰੀਅਮ ਨੂੰ 220 ਵੋਟਾਂ ਮਿਲੀਆਂ ਅਤੇ ਐੱਸਆਈਸੀ ਉਮੀਦਵਾਰ ਰਾਣਾ ਆਫਤਾਬ ਨੂੰ ਕੋਈ ਵੋਟ ਨਹੀਂ ਮਿਲੀ।“ 327 ਸੀਟਾਂ ਵਾਲੇ ਇਸ ਸਦਨ ਵਿੱਚ ਬਹੁਮੱਤ ਹਾਸਲ ਕਰਨ ਲਈ 187 ਵੋਟਾਂ ਦੀ ਲੋੜ ਸੀ। ਮਰੀਅਮ ਨੇ ਸਦਨ ਵਿੱਚ 220 ਵੋਟਾਂ ਹਾਸਲ ਕਰ ਕੇ ਬਹੁਮੱਤ ਸਾਬਿਤ ਕਰ ਦਿੱਤਾ। ਮੁੱਖ ਮੰਤਰੀ ਬਣਨ ਤੋਂ ਬਾਅਦ ਵਿਧਾਨ ਸਭਾ ਵਿੱਚ ਆਪਣੇ ਪਹਿਲੇ ਭਾਸ਼ਣ ਦੌਰਾਨ ਮਰੀਅਮ ਨੇ ਸਭ ਤੋਂ ਪਹਿਲਾਂ ਅੱਲ੍ਹਾ, ਆਪਣੇ ਪਿਤਾ ਨਵਾਜ਼ ਸ਼ਰੀਫ, ਚਾਚਾ ਸ਼ਾਹਬਾਜ਼ ਸ਼ਰੀਫ ਅਤੇ ਉਨ੍ਹਾਂ ਨੂੰ ਵੋਟ ਦੇਣ ਵਾਲੇ ਵਿਧਾਇਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ, “ਅੱਜ, ਇਕ ਔਰਤ ਨੂੰ ਮੁੱਖ ਮੰਤਰੀ ਦੇ ਅਹੁਦੇ ‘ਤੇ ਦੇਖ ਕੇ ਪ੍ਰਾਂਤ ਦੀ ਹਰੇਕ ਔਰਤ ਫ਼ਖ਼ਰ ਮਹਿਸੂਸ ਕਰ ਰਹੀ ਹੋਵੇਗੀ।“ ਉਨ੍ਹਾਂ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਮਹਿਲਾ ਲੀਡਰਸ਼ਿਪ ਦਾ ਰੁਝਾਨ ਇਸੇ ਤਰ੍ਹਾਂ ਜਾਰੀ ਰਹੇਗਾ।

# ਸੱਟੇਬਾਜ਼ਾਂ ਖ਼ਿਲਾਫ਼ ਕਾਰਵਾਈ ਲਈ ਕੀਤੇ ਗਏ ਹਨ ਬਜਟ ਵਿਚ ਉਪਾਅ-ਪ੍ਰੀਮੀਅਰ ਡੇਵਿਡ ਏਬੀ

ਵੈਨਕੂਵਰ-ਘਰਾਂ ਦੀ ਸਪਲਾਈ ਵਧਾਉਣ ਤੇ ਘਰਾਂ ਨੂੰ ਵਧੇਰੇ ਕਿਫਾਇਤੀ ਤੇ ਪਹੁੰਚਯੋਗ ਬਣਾਉਣ ਲਈ ਬਜਟ 2024 ਦੇ ਉਪਾਵਾਂ ਦੇ ਹਿੱਸੇ ਵਜੋਂ ਸੂਬਾ ਸੱਟੇਬਾਜ਼ਾਂ ਅਤੇ ਉਨ੍ਹਾਂ ਲੋਕਾਂ



ਵਿਰੁੱਧ ਕਾਰਵਾਈ ਕਰ ਰਿਹਾ ਹੈ ਜੋ ਘਰਾਂ ਦੀ ਫਲਿਪਿੰਗ (ਜਿਥੇ ਪ੍ਰਾਪਰਟੀ ਨੂੰ ਵਰਤਣ ਦੀ ਜਗ੍ਹਾ ਮੁਨਾਫੇ ਲਈ ਵੇਚਣ ਦੇ ਇਰਾਦੇ ਨਾਲ ਖਰੀਦਿਆ ਜਾਂਦਾ ਹੈ) ਕਰਕੇ ਲਾਭ ਉਠਾਉਂਦੇ ਹਨ। ਪ੍ਰੀਮੀਅਰ ਡੇਵਿਡ ਏਬੀ ਨੇ ਦੱਸਿਆ ਕਿ ਜਦੋਂ ਪਰਿਵਾਰ ਘਰ ਖਰੀਦਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਨ ਤਾਂ ਉਨ੍ਹਾਂ ਨੂੰ ਘਰਾਂ ਦੀ ਫਲਿਪਿੰਗ ਕਰਨ ਵਾਲੇ ਨਿਵੇਸ਼ਕਾਂ ਨਾਲ ਮੁਕਾਬਲਾ ਨਹੀਂ ਕਰਨਾ ਪੈਣਾ ਚਾਹੀਦਾ। ਇਹ ਟੈਕਸ ਸੱਟੇਬਾਜ਼ਾਂ ’ਤੇ ਰੋਕ ਲਾਵੇਗਾ ਅਤੇ ਹਾਊਸਿੰਗ ਮਾਰਕੀਟ ਵਿਚ ਰਹਿਣ ਲਈ ਘਰ ਲੱਭ ਰਹੇ ਪਰਿਵਾਰਾਂ ਨੂੰ ਲਾਭ ਦੇਵੇਗਾ। ਬੀਸੀ ਹੋਮ ਫਲਿਪਿੰਗ ਟੈਕਸ ਦੀ ਸ਼ੁਰੂਆਤ ਲਈ ਬਿੱਲ 2024 ਦੀ ਬਸੰਤ ਰੁੱਤ ਵਿਚ ਪੇਸ਼ ਕੀਤਾ ਜਾਵੇਗਾ। ਜੇਕਰ ਇਹ ਪਾਸ ਹੋ ਜਾਂਦਾ ਹੈ ਤਾਂ ਇਹ ਇਕ ਜਨਵਰੀ 2025 ਤੋਂ ਲਾਗੂ ਹੋਵੇਗਾ। ਇਸ ਕਾਨੂੰਨ ਤਹਿਤ ਖਰੀਦ ਦੇ ਦੋ ਸਾਲਾਂ ਦੇ ਅੰਦਰ ਅੰਦਰ ਵੇਚੇ ਗਏ ਕਿਸੇ ਵੀ ਘਰ ’ਤੇ ਟੈਕਸ ਲੱਗੇਗਾ ਅਤੇ ਉਸ ਆਮਦਨੀ ਦੀ ਵਰਤੋਂ ਨਵੇਂ ਘਰਾਂ ਨੂੰ ਪੈਸੇ ਦੇਣ ਲਈ ਕੀਤੀ ਜਾਵੇਗੀ। ਹੋਮ ਫਲਿਪਿੰਗ ਟੈਕਸ ਤੋਂ ਉਨ੍ਹਾਂ ਲੋਕਾਂ ਨੂੰ ਛੋਟ ਉਪਲਬਧ ਹੋਵੇਗੀ ਜਿਹੜੇ ਆਪਣੇ ਕੰਟਰੋਲ ਤੋਂ ਬਾਹਰ ਹੋ ਰਹੀਆਂ ਜੀਵਨ ਪ੍ਰਸਥਿਤੀਆਂ ਦਾ ਸਾਹਮਣਾ ਕਰ ਰਹੇ ਹੋਣਗੇ ਜਿਸ ਵਿਚ ਮੌਤ ਤੇ ਤਲਾਕ, ਨੌਕਰੀ ਬਦਲਣਾ ਜਾਂ ਗੁਆਉਣਾ ਅਤੇ ਉਹ ਲੋਕ ਸ਼ਾਮਿਲ ਹੋਣਗੇ ਜੋ ਬੀਸੀ ਦੀ ਹਾਊਸਿੰਗ ਸਪਲਾਈ ਵਿਚ ਵਾਧਾ ਕਰ ਰਹੇ ਹੋਣਗੇ।

# ਐਬਟਸਫੋਰਡ ਸਿਟੀ ਵਲੋਂ ਨਵਾਂ ਆਨਲਾਈਨ ਬਿਲਡਿੰਗ ਪਰਮਿਟ ਪੋਰਟਲ ਲਾਂਚ




ਐਬਟਸਫੋਰਡ-ਸਿਟੀ ਦੀ ਵੈੱਬਸਾਈਟ ’ਤੇ ਨਵਾਂ ਆਨਲਾਈਨ ਬਿਲਡਿੰਗ ਪਰਮਿਟ ਅਰਜ਼ੀ ਪੋਰਟਲ ਸ਼ੁਰੂ ਹੋਣ ਨਾਲ ਇਥੇ ਉਸਾਰੀ ਜਾਂ ਨਵੀਨੀਕਰਨ ਦੇ ਇੱਛਕ ਰੈਜ਼ੀਡੈਂਟਸ ਤੇ ਡਿਵੈਲਪਰ ਹੁਣ ਡਿਜੀਟਲ ਤਰੀਕੇ ਨਾਲ ਬਿਲਡਿੰਗ ਪਰਮਿਟ ਅਪਲਾਈ ਕਰ ਸਕਦੇ ਅਤੇ ਆਪਣੀ ਅਰਜ਼ੀ ਦੀ ਸਥਿਤੀ ਦਾ ਆਨਲਾਈਨ ਪਤਾ ਲਗਾ ਸਕਦੇ ਹਨ ਅਤੇ ਪਰਮਿਟ ਪ੍ਰਕਿਰਿਆ ਨੂੰ ਵਧੇਰੇ ਕੁਸ਼ਲ ਤਰੀਕੇ ਨਾਲ ਅੱਗੇ ਵਧਾ ਸਕਦੇ ਹਨ। ਡਿਜੀਟਲ ਡਿਵੈਲਪਮੈਂਟ ਡਲਿਵਰੀ ਪ੍ਰੋਗਰਾਮ ਦੇ ਹਿੱਸੇ ਵਜੋਂ ਸਿਟੀ ਨੇ ਬਿਲਡਿੰਗ ਅਰਜ਼ੀ ਅਤੇ ਪਰਮਿਟ ਦੇਣ ਦੀ ਪ੍ਰਕਿਰਿਆ ਵਿਚ ਸੁਧਾਰ ਕੀਤਾ ਹੈ ਜਿਸ ਨਾਲ ਹੁਣ ਰੈਜ਼ੀਡੈਂਟਸ ਇਕ ਸੁਰੱਖਿਅਤ ਪੋਰਟਲ ਰਾਹੀਂ ਆਨਲਾਈਨ ਮੁਕੰਮਲ ਅਰਜ਼ੀ ਦਾਖਲ ਕਰ ਸਕਣਗੇ, ਇਸ ਨਾਲ ਅਰਜ਼ੀ ਪ੍ਰਬੰਧਕੀ ਪ੍ਰਕਿਰਿਆ ਵਿਚ ਕੁਸ਼ਲਤਾ ਵਧੇਗੀ ਜਿਸ ਲਈ ਅਕਸਰ ਸਿਟੀ ਹਾਲ ਨਾਲ ਵਾਰ ਵਾਰ ਚਿੱਠੀ ਪੱਤਰ ਕਰਨਾ ਪੈਂਦਾ ਹੈ ਅਤੇ ਗੇੜੇ ਮਾਰਨ ਦੀਆਂ ਗੱਲਾਂ ਵੀ ਸ਼ਾਮਿਲ ਹਨ।

# ਆਨਲਾਈਨ ਹਾਰਮਜ਼ ਬਿੱਲ ’ਚ ਪ੍ਰਸਤਾਵਤ ਤਬਦੀਲੀਆਂ ਨਾਲ ਸੁਤੰਤਰ ਭਾਸ਼ਣ ਨੂੰ ਚੁੱਪ ਕਰਵਾਉਣ ਦਾ ਖ਼ਤਰਾ-ਮਹਿਰਾਂ ਦੀ ਚਿਤਾਵਨੀ

ਓਟਵਾ-ਮਾਹਿਰਾਂ ਨੇ ਚਿਤਾਵਨੀ ਦਿੱਤੀ ਕਿ ਲੋਕਾਂ ਨੂੰ ਆਨਲਾਈਨ ਭਾਸ਼ਣ ਜਿਨ੍ਹਾਂ ਨੂੰ ਉਹ ਨਫਰਤ ਭਰੇ ਸਮਝਦੇ ਹਨ ਜਿਨ੍ਹਾਂ ਵਿਚ ਉਦਾਹਰਣ ਵਜੋਂ ਕਮੇਡੀਅਨਾਂ ਵਲੋਂ ਜਿਣਸੀ ਚੁਟਕਲੇ ਪੇਸ਼ ਕਰਨਾ ਸ਼ਾਮਿਲ ਹੈ ਨੂੰ ਲੈ ਕੇ ਕੈਨੇਡੀਅਨ ਹਿਊਮਨ ਰਾਈਟਸ ਕਮਿਸ਼ਨ ਕੋਲ ਸ਼ਿਕਾਇਤ ਦੇਣ ਦੀ ਇਜਾਜ਼ਤ ਦੇਣ ਲਈ ਕਾਨੂੰਨ ਵਿਚ ਤਬਦੀਲੀਆਂ ਸਿਸਟਮ ਨੂੰ ਪ੍ਰਭਾਵਤ ਕਰ ਸਕਦੀਆਂ ਹਨ ਅਤੇ ਇਕ ਸੁਤੰਤਰ ਭਾਸ਼ਣ ’ਤੇ ਮਾੜਾ ਪ੍ਰਭਾਵ ਪਾ ਸਕਦੀਆਂ ਹਨ। ਆਨਲਾਈਨ ਹਾਰਮਜ਼ ਬਿੱਲ ਜਿਹੜਾ ਸੋਮਵਾਰ ਪੇਸ਼ ਕੀਤਾ ਗਿਆ ਆਨਲਾਈਨ ਹੇਟ ਸਪੀਚ ਪੋਸਟ ਨੂੰ ਵਿਤਕਰੇ ਦਾ ਰੂਪ ਬਣਾਉਣ ਲਈ ਹਿਊਮਨ ਰਾਈਟਸ ਐਕਟ ਵਿਚ ਤਬਦੀਲੀ ਕਰ ਦੇਵੇਗਾ ਅਤੇ ਲੋਕਾਂ ਨੂੰ ਇਸ ਤਰ੍ਹਾਂ ਦੀਆਂ ਪੋਸਟਾਂ ਬਾਰੇ ਕਮਿਸ਼ਨ ਕੋਲ ਸ਼ਿਕਾਇਤਾਂ ਦਾਇਰ ਕਰਨ ਦੀ ਤਾਕਤ ਦੇਵੇਗਾ। ਹੇਟ ਸਪੀਚ ਲਈ ਕਸੂਰਵਾਰ ਪਾਏ ਗਏ ਲੋਕਾਂ ਨੂੰ ਮੁਆਵਜ਼ੇ ਵਜੋਂ ਪੀੜਤ ਨੂੰ 20000 ਡਾਲਰ ਤਕ ਹਰਜਾਨਾ ਦੇਣਾ ਪੈ ਸਕਦਾ ਹੈ ਪਰ ਮਾਹਿਰਾਂ ਦਾ ਕਹਿਣਾ ਕਿ ਅਦਾਲਤ ਨਾਲੋਂ ਘੱਟ ਸਬੂਤ ਦੇ ਭਾਰ ਕਾਰਨ ਇਸ ਤਰ੍ਹਾਂ ਦੀ ਸਿਵਲ ਸ਼ਿਕਾਇਤ ਕਰਨ ਦੀ ਤਾਕਤ ਸੁਤੰਤਰ ਭਾਸ਼ਣ ’ਤੇ ਮਾੜਾ ਅਸਰ ਪਾ ਸਕਦੀ ਹੈ। ਕੈਨੇਡੀਅਨ ਕੰਸਟੀਟਿਊਸ਼ਨ ਫਾਉਂਡੇਸ਼ਨ ਦੇ ਵਕੀਲ ਜੋਸ਼ ਡੇਹਾਸ ਨੇ ਚਿਤਾਵਨੀ ਦਿੱਤੀ ਕਿ ਇਹ ਬਿੱਲ ਕਮੇਡੀਅਨਾਂ ਤੋਂ ਲੈ ਕੇ ਟਿੱਪਣੀਕਾਰਾਂ ਤਕ ਲੋਕਾਂ ਨੂੰ ਚੁੱਪ ਕਰਵਾ ਸਕਦਾ ਹੈ ਜਿਹੜੇ ਮਾਨਵੀ ਹੱਕਾਂ ਬਾਰੇ ਕਮਿਸ਼ਨ ਅਤੇ ਸੰਭਾਵਤ ਮੋਟੇ ਜ਼ੁਰਮਾਨੇ ਤੋਂ ਡਰਨਗੇ। ਉਨ੍ਹਾਂ ਦੀ ਗਲੋਬ ਐਂਡ ਮੇਲ ਨੂੰ ਦੱਸਿਆ ਕਿ ਇਹ ਦੱਸਣਾ ਔਖਾ ਹੋਵੇਗਾ ਕਿ ਕੁਮੈਂਟਰੀ ਤੇ ਹੇਟ ਸਪੀਚ ਵਿਚਕਾਰ ਲਕਛਮਣ ਰੇਖਾ ਕਿਥੇ ਹੈ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਕਸ਼ਮੀਰ ਨੂੰ ਲੈ ਕੇ ਭਾਰਤ ਵਿਰੋਧੀ ਪੱਖ ਲੈਣ ਵਾਲੀ ਯੂ.ਕੇ. ਦੀ ਪ੍ਰੋਫੈਸਰ ਕੌਲ ਡਿਪੋਰਟ

ਨਵੀਂ ਦਿੱਲੀ-ਯੂਕੇ ਦੀ ਵਿਦਿਆ ਸ਼ਾਸਤਰੀ (ਅਕਾਦਮਿਕ) ਨਿਤਾਸ਼ਾ ਕੌਲ ਦੀਆਂ ਵੱਖਵਾਦ ਪੱਖੀ ਟਿੱਪਣੀਆਂ ਅਤੇ ਵੱਖ ਵੱਖ ਜਨਤਕ ਮੰਚਾਂ 'ਤੇ ਕਸ਼ਮੀਰ ਬਾਰੇ ਭਾਰਤ ਵਿਰੋਧੀ ਪੱਖ ਲੈਣ ਕਾਰਨ ਉਨ੍ਹਾਂ ਖਿਲਾਫ ਜਾਰੀ ਨਿਵਾਰਕ ਲੁਕਆਊਟ ਸਰਕੂਲਰ ਦੇ ਆਧਾਰ 'ਤੇ ਉਨ੍ਹਾਂ ਨੂੰ ਬੈਂਗਲੁਰੂ ਹਵਾਈ ਅੱਡੇ 'ਤੇ ਪਹੁੰਚਣ 'ਤੇ ਡਿਪੋਰਟ ਕਰ ਦਿੱਤਾ ਗਿਆ। ਕੌਲ ਓਵਰਸੀਜ਼ ਸਿਟੀਜ਼ਨ ਆਫ ਇੰਡੀਆ (ਓਸੀਆਈ) ਕਾਰਡ ਧਾਰਕ ਹੈ ਜਿਸ ਨਾਲ ਉਹ ਜਿੰਦਗੀ ਭਰ ਭਾਰਤ ਦਾ ਵੀਜ਼ਾ ਮੁਕਤ ਸਫਰ ਕਰ ਸਕਦੀ ਹੈ। ਉਨ੍ਹਾਂ ਨੂੰ 24 ਅਤੇ 25 ਫਰਵਰੀ ਨੂੰ ਕਰਨਾਟਕ ਵਿਚ ਸਿੱਧੀਰਮਈਆ ਸਰਕਾਰ ਨੇ ਆਪਣੇ ਦੋ ਦਿਨਾਂ ਸੰਵਿਧਾਨ ਅਤੇ ਕੌਮੀ ਏਕਤਾ ਕਨਵੈਨਸ਼ਨ ਵਿਚ ਹਿੱਸਾ ਲੈਣ ਲਈ ਸੱਦਾ ਦਿੱਤਾ ਸੀ। ਬੈਂਗਲੁਰੂ ਹਵਾਈ ਅੱਡੇ 'ਤੇ ਇਮੀਗ੍ਰੇਸ਼ਨ ਅਧਿਕਾਰੀਆਂ ਵਲੋਂ ਉਨ੍ਹਾਂ ਨੂੰ ਐਂਟਰੀ ਦੇਣ ਤੋਂ ਇਨਕਾਰ ਕਰਨ ਅਤੇ ਅਗਲੀ ਉਡਾਨ ਵਿਚ ਯੂਕੇ ਭੇਜਣ ਪਿੱਛੋਂ ਕੌਲ ਨੇ ਐਕਸ 'ਤੇ ਦਾਅਵਾ ਕੀਤਾ ਕਿ ਅਧਿਕਾਰੀਆਂ ਨੇ ਦਿੱਲੀ ਤੋਂ ਆਏ ਹੁਕਮਾਂ ਕਾਰਨ ਉਸ ਨੂੰ ਐਂਟਰੀ ਦੇਣ ਤੋਂ ਇਨਕਾਰ ਕੀਤਾ ਹੈ। ਇਸ ਗੱਲ ਦੀ ਪੁਸ਼ਟੀ ਕਰਦਿਆਂ ਕਿ ਲੁਕਆਊਟ ਸਰਕੂਲਰ ਦਾ



ਮਤਲਬ ਉਸ ਨੂੰ ਭਾਰਤੀ ਜ਼ਮੀਨ 'ਤੇ ਉਸ ਨੂੰ ਆਪਣੀਆਂ ਟਿੱਪਣੀਆਂ ਨੂੰ ਦੁਹਰਾਉਣ ਤੋਂ ਰੋਕਣਾ ਹੈ ਇਕ ਸੂਤਰ ਨੇ ਸੰਕੇਤ ਦਿੱਤਾ ਕਿ ਉਸ ਨੂੰ ਇਨ੍ਹਾਂ ਦਲੀਲਾਂ ਦੇ ਆਧਾਰ 'ਤੇ ਕਾਲੀ ਸੂਚੀ ਵਿਚ ਪਾਏ ਜਾਣ ਦੀ ਵੀ ਸੰਭਾਵਨਾ ਹੈ। ਵਿਦਿਆ ਸ਼ਾਸਤਰੀ ਕੌਲ ਜਿਸ ਨੇ ਜੰਮੂ ਤੇ ਕਸ਼ਮੀਰ ਵਿਚ ਧਾਰਾ 370 ਨੂੰ ਤੋੜਨ ਤੋਂ ਲਗਪਗ ਦੋ ਮਹੀਨੇ ਪਿੱਛੋਂ ਅਮਰੀਕਾ ਦੇ ਪ੍ਰਤੀਨਿਧੀ ਸਦਨ ਦੀ ਕਮੇਟੀ ਸਾਹਮਣੇ ਲਿਖਤੀ ਬਿਆਨ ਦਿੱਤਾ ਸੀ ਅਤੇ ਕਸ਼ਮੀਰ ਨੂੰ ਵਾਰ ਵਾਰ ਭਾਰਤ ਪ੍ਰਸ਼ਾਸਤ ਕਸ਼ਮੀਰ ਵਜੋਂ ਵਾਰ ਵਾਰ ਜ਼ਿਕਰ ਕਰਦਿਆਂ ਕਸ਼ਮੀਰ ਵਿਚ ਭਾਰਤ ਸਰਕਾਰ ਦੀਆਂ ਗੈਰਲੋਕਤੰਤਰਿਕ ਕਾਰਵਾਈਆਂ ਦੀ ਆਲੋਚਨਾ ਕੀਤੀ ਸੀ, ਨਾ ਕੇਵਲ ਕਸ਼ਮੀਰ ਵਿਚ ਭਾਰਤ ਸਰਕਾਰ ਦੀਆਂ ਕਾਰਵਾਈਆਂ ਦੀਆਂ ਆਲੋਚਨਾਤਮਿਕ ਟਿੱਪਣੀਆਂ ਕਾਰਨ ਭਾਰਤ ਦੀਆਂ ਸੁਰੱਖਿਆ ਏਜੰਸੀਆਂ ਦੇ ਰਾਡਾਰ 'ਤੇ ਹੈ ਸਗੋਂ ਉਥੇ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਵਜੋਂ ਅੱਤਵਾਦ ਨੂੰ ਸਹੀ ਠਹਿਰਾਉਣ ਅਤੇ ਵਾਦੀ ਵਿਚ ਕਸ਼ਮੀਰੀ ਪੰਡਤਾਂ ਜਿਸ ਨਾਲ ਉਹ ਸਬੰਧਤ ਹੈ ਦੇ ਕਿਸੇ ਤਰ੍ਹਾਂ ਦੇ ਨਸਲਘਾਤ ਤੋਂ ਇਨਕਾਰ ਕਰਨ ਲਈ ਵੀ ਰਾਡਾਰ 'ਤੇ ਹੈ। ਖ਼ੁਫ਼ੀਆ ਏਜੰਸੀਆਂ ਦੱਸਦੀਆਂ ਹਨ ਕਿ ਕਸ਼ਮਰੀ ਮੁੱਦੇ 'ਤੇ ਆਪਣੇ ਭਾਰਤ ਵਿਰੋਧੀ ਪ੍ਰਚਾਰ ਦੇ ਹਿੱਸੇ ਵਜੋਂ ਪਾਕਿਸਤਾਨ ਦੀ ਆਈਐਸਆਈ ਉਸ ਦੇ ਬਿਆਨਾਂ ਅਤੇ ਲੇਖਾਂ ਦਾ ਰੌਲਾ ਪਾ ਰਹੀ ਹੈ।

## ਬੀ.ਸੀ. ਵਿਚ ਪਹਿਲੀ ਜੂਨ ਤੋਂ ਘੱਟੋ-ਘੱਟ ਤਨਖਾਹ 17.40 ਡਾਲਰ ਪ੍ਰਤੀ ਘੰਟੇ ਹੋ ਜਾਵੇਗੀ

ਵਿਕਟੋਰੀਆ-ਇਕ ਜੂਨ 2024 ਤੋਂ ਬੀਸੀ ਦੇ ਸਭ ਤੋਂ ਘੱਟ ਤਨਖਾਹ ਲੈਣ ਵਾਲੇ ਕਾਮਿਆਂ ਨੂੰ 16.75 ਡਾਲਰ ਦੀ ਥਾਂ 17.40 ਡਾਲਰ ਪ੍ਰਤੀ ਘੰਟਾ ਤਨਖਾਹ ਮਿਲੇਗੀ। ਇਹ ਵਾਧਾ 3.9 ਫ਼ੀਸਦੀ ਹੋਵੇਗਾ ਜਿਹੜਾ 2023 ਵਿਚ ਬੀਸੀ ਵਿਚ ਮਹਿੰਗਾਈ ਦਰ ਦੇ ਅਨੁਕੂਲ ਹੋਵੇਗਾ। ਰੈਜ਼ੀਡੈਂਸ਼ਲ ਕੇਅਰਟੇਕਰ, ਲਿਵ-ਇਨ ਹੋਮ ਸੁਪੋਰਟ ਵਰਕਰ ਅਤੇ ਕੈਂਪ ਲੀਡਰਾਂ ਲਈ ਵਿਕਲਪਕ ਘੱਟੋ ਘੱਟ ਦਰ ਵਿਚ ਪਹਿਲੀ ਜੂਨ ਤੋਂ 3.9 ਫ਼ੀਸਦੀ ਵਾਧਾ ਹੋਵੇਗਾ। 31 ਦਸੰਬਰ 2024 ਨੂੰ ਹੱਥ ਨਾਲ ਕੱਟੀਆਂ ਜਾਣ ਵਾਲੀਆਂ ਫ਼ਸਲਾਂ ਲਈ ਘੱਟੋ ਘੱਟ ਪੀਸ ਦਰ ਵਿਚ ਵੀ ਇੰਨੇ ਫ਼ੀਸਦੀ ਵਾਧਾ ਹੋਵੇਗਾ। ਬੀਸੀ ਸਾਰੇ ਦੇਸ਼ ਵਿਚ ਸਭ ਤੋਂ ਘੱਟ ਤਨਖਾਹ ਵਾਲੇ ਸੂਬਿਆਂ ਵਿਚ ਸ਼ਾਮਿਲ ਸੀ ਅਤੇ ਹੁਣ ਇਹ ਸਾਰੇ ਸੂਬਿਆਂ ਵਿਚ ਸਭ ਤੋਂ ਵੱਧ ਘੱਟੋ ਘੱਟ ਤਨਖਾਹ ਵਾਲਾ ਸੂਬਾ ਬਣ ਜਾਵੇਗਾ। ਲੇਬਰ ਮੰਤਰੀ ਹੈਰੀ ਬੈਂਸ ਨੇ ਦੱਸਿਆ ਕਿ ਅਸੀਂ ਘੱਟੋ ਘੱਟ ਤਨਖਾਹ ਵਾਧੇ ਨੂੰ ਮਹਿੰਗਾਈ ਦੀ ਦਰ ਦੇ ਆਧਾਰ 'ਤੇ ਰੱਖਣ ਦੀ ਵਚਨਬੱਧਤਾ ਪ੍ਰਗਟ ਕੀਤੀ ਸੀ ਤਾਂ ਜੋ ਸਭ ਤੋਂ ਘੱਟ ਤਨਖਾਹ ਵਾਲੇ ਕਾਮਿਆਂ ਦਾ ਜੀਵਨ ਪੱਧਰ ਪਿੱਛੇ ਰਹਿਣ ਤੋਂ ਰੋਕਿਆ ਜਾ ਸਕੇ। ਅੱਜ ਅਸੀਂ ਉਸ ਵਚਨਬੱਧਤਾ ਨੂੰ ਕਾਨੂੰਨ ਵਿਚ ਸ਼ਾਮਿਲ ਕਰ ਰਹੇ ਹਾਂ।

## ਸਮੁੱਚੇ ਕੈਨੇਡਾ ਵਿਚ ਪੰਜ ਵਿਚੋਂ ਇਕ ਤੋਂ ਵੀ ਵੱਧ ਵਿਅਕਤੀਆਂ ਦੀ ਫੈਮਿਲੀ ਡਾਕਟਰ ਤਕ ਪਹੁੰਚ ਨਹੀਂ

ਓਟਵਾ-ਇਕ ਨਵੀਂ ਰਿਪੋਰਟ ਕਹਿੰਦੀ ਹੈ ਕਿ ਸਮੁੱਚੇ ਕੈਨੇਡਾ ਵਿਚ ਮਰੀਜ਼ ਪ੍ਰਾਇਮਰੀ ਹੈਲਥ ਕੇਅਰ ਟੀਮਾਂ, ਉਨ੍ਹਾਂ ਦੇ ਆਪਣੇ ਇਲੈਕਟ੍ਰਾਨਿਕ ਰਿਕਾਰਡ ਤਕ ਪਹੁੰਚ ਅਤੇ ਵਿਦੇਸ਼ਾਂ ਤੋਂ ਸਿੱਖਿਅਤ ਡਾਕਟਰਾਂ ਨੂੰ ਤੇਜ਼ੀ ਨਾਲ ਲਾਇਸੰਸ ਦੇਣ ਦੀ ਕਾਰਵਾਈ ਨੂੰ ਦੇਸ਼ ਵਿਚ ਫੈਮਿਲੀ ਡਾਕਟਰਾਂ ਦੀ ਘਾਟ ਦੇ ਸੰਕਟ ਦੇ ਹੱਲ ਲਈ ਮੁੱਖ ਤਰੀਕਿਆਂ ਵਜੋਂ ਦੇਖਦੇ ਹਨ। ਟੋਰਾਂਟੋ ਵਿਚ ਸੇਂਟ ਮਾਈਕਲਜ਼ ਹਸਪਤਾਲ ਵਿਖੇ ਖੋਜੀਆਂ ਨੇ ਆਨਲਾਈਨ 9000 ਤੋਂ ਵੀ ਵੱਧ ਵਿਅਕਤੀਆਂ 'ਤੇ ਸਰਵੇਖਣ ਕੀਤਾ ਅਤੇ ਦੇਸ਼ ਭਰ ਵਿਚ ਦਰਜਨਾਂ ਲੋਕਾਂ ਨਾਲ ਉਨ੍ਹਾਂ ਦੇ ਪ੍ਰਾਇਮਰੀ ਕੇਅਰ ਬਾਰੇ ਤਜਰਬਿਆਂ ਅਤੇ ਉਸ ਨੂੰ ਸਹੀਕਰਨ ਬਾਰੇ ਗੱਲਬਾਤ ਕੀਤੀ। ਉੱਘੀ ਖੋਜੀ ਡਾ. ਤਾਰਾ ਕਿਰਨ ਆਖਦੀ ਹੈ ਕਿ ਸਮੁੱਚੇ ਕੈਨੇਡਾ ਵਿਚ ਪੰਜ ਵਿਚੋਂ ਇਕ ਤੋਂ ਵੀ ਵੱਧ ਵਿਅਕਤੀਆਂ ਦੀ ਫੈਮਿਲੀ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਤਕ ਪਹੁੰਚ ਨਹੀਂ ਜਿਸ ਨੂੰ ਉਹ ਨਿਯਮਤ ਤਰੀਕੇ ਨਾਲ ਮਿਲ ਸਕਣ। ਡਾਕਟਰ ਕਿਰਨ ਨੇ ਦੱਸਿਆ ਕਿ ਖੋਜੀਆਂ ਨੇ ਸ਼ਹਿਰੀ ਤੇ ਪੇਂਡੂ ਕੈਨੇਡਾ ਵਿਚ ਵੱਖ ਵੱਖ ਸਮੂਹਾਂ ਅਤੇ ਵੱਖ ਵੱਖ ਨਸਲੀ ਪਿਛੋਕੜ ਵਾਲੇ ਮਰੀਜ਼ਾਂ ਅਤੇ ਅਪਾਹਜ ਲੋਕਾਂ ਨਾਲ ਗੱਲਬਾਤ ਕਰਕੇ ਪੁੱਛਿਆ ਕਿ ਸਿਹਤ ਸੰਭਾਲ ਮਿਆਰ ਕੀ ਹੋਣਾ ਚਾਹੀਦਾ ਹੈ। ਉਨ੍ਹਾਂ ਦਾ ਕਹਿਣਾ ਕਿ ਹਰ ਕੋਈ ਇਸ ਗੱਲ 'ਤੇ ਸਹਿਮਤ ਸੀ ਕਿ ਕੈਨੇਡਾ ਵਿਚ ਰਹਿ ਰਹੇ ਹਰੇਕ ਵਿਅਕਤੀ ਦੀ ਪ੍ਰਾਇਮਰੀ ਦੇਖਭਾਲ ਤਕ ਪਹੁੰਚ ਹੋਣੀ ਚਾਹੀਦੀ ਹੈ। ਕਿਰਨ ਦਾ



ਕਹਿਣਾ ਕਿ ਉਹ ਆਸ ਕਰਦੀ ਹੈ ਕਿ ਫੈਡਰਲ, ਸੂਬਾ ਤੇ ਟੈਰੀਟਰੀਜ਼ ਸਰਕਾਰ ਇਹ ਗੱਲ ਸੁਣਨਗੀਆਂ ਕਿ ਮਰੀਜ਼ ਕੀ ਚਾਹੁੰਦੇ ਹਨ ਅਤੇ ਪ੍ਰਾਇਮਰੀ ਦੇਖਭਾਲ ਪ੍ਰਣਾਲੀ ਵਿਚ ਸੁਧਾਰ ਲਈ ਉਨ੍ਹਾਂ ਦੀ ਫੀਡਬੈਕ ਦੀ ਵਰਤੋਂ ਕਰਨਗੀਆਂ।

## ਸਸਕੈਚਵਨ ਵਿਚ ਕਈ ਲੋਕਾਂ ਨੂੰ ਚਾਕੂ ਨਾਲ ਮਾਰਨ ਵਾਲੇ ਵਿਅਕਤੀ ਦੀ ਕੋਕੀਨ ਓਵਰਡੋਜ ਨਾਲ ਹੋਈ ਸੀ ਮੌਤ

ਸਸਕਾਟੂਨ-ਇਕ ਪੈਥੋਲੋਜਿਸਟ ਨੇ ਸਸਕੈਚਵਨ ਕੋਰੋਨਰ ਦੀ ਇਨਕੁਇਸਟ ਰਿਪੋਰਟ ਵਿਚ ਦੱਸਿਆ ਕਿ ਇਕ ਵਿਅਕਤੀ ਮਾਈਲਸ ਸੈਂਡਰਸਨ ਜਿਸ ਨ ਚਾਕੂ ਮਾਰ ਕੇ 11 ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ 17 ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ ਸੀ ਦੀ ਪੁਲਿਸ ਹਿਰਾਸਤ ਵਿਚ ਲਏ ਜਾਣ ਪਿੱਛੋਂ ਕੋਕੀਨ ਦੀ ਉਵਰਡੋਜ਼ ਨਾਲ ਮੌਤ ਹੋ ਗਈ ਸੀ। 7 ਸਤੰਬਰ 2022 ਨੂੰ ਜਦੋਂ 32 ਸਾਲਾ ਸੈਂਡਰਸਨ ਨੂੰ ਪੁਲਿਸ ਨੇ ਫੜਿਆ ਸੀ ਉਹ ਕਈ ਦਿਨ ਤੋਂ ਭਗੌੜਾ ਸੀ। ਉਹ ਆਪਣੀ ਗ੍ਰਿਫ਼ਤਾਰੀ ਦੌਰਾਨ ਮੈਡੀਕਲ ਡਿਸਟ੍ਰੈਸ ਵਿਚ ਚਲਾ ਗਿਆ ਸੀ ਅਤੇ ਹਸਪਤਾਲ ਵਿਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਇਨਕੁਇਸਟ ਵਿਚ ਚਲਾਈ ਆਰਸੀਐਮਪੀ ਦੇ ਡੈਸ਼ਬੋਰਡ ਕੈਮਰਾ ਵੀਡੀਓ ਤੋਂ ਪਤਾ ਲਗਦਾ ਹੈ ਕਿ ਸੈਂਡਰਸਨ ਨੂੰ ਤੇਜ਼ ਰਫਤਾਰ ਨਾਲ ਪਿੱਛਾ ਕਰਨ ਪਿੱਛੋਂ ਹਿਰਾਸਤ ਵਿਚ ਲਿਆ ਗਿਆ ਸੀ। ਫੜੇ ਜਾਣ ਤੋਂ ਤਿੰਨ ਦਿਨ ਪਹਿਲਾਂ ਸੈਂਡਰਸਨ ਨੇ ਜੇਮਸ ਸਮਿਥ ਕ੍ਰੀ ਨੇਸ਼ਨ ਵਿਚ ਘਰਾਂ ਅੰਦਰ ਜਾ ਕੇ ਲੋਕਾਂ 'ਤੇ ਹਮਲੇ ਕੀਤੇ ਸੀ।

## ਵਿਰੋਧੀ ਪਾਰਟੀਆਂ ਨੇ ਵਿਨੀਪੈਗ ਲੈਬ ਦੇ ਸੈਂਸਰ ਰਹਿਤ ਦਸਤਾਵੇਜ਼ਾਂ ਨੂੰ ਜਾਰੀ ਕਰਨ ਦੀ ਕੀਤੀ ਮੰਗ

ਓਟਵਾ-ਵਿਰੋਧੀ ਪਾਰਟੀਆਂ ਕੈਨੇਡਾ ਦੀਆਂ ਲਾਗ ਦੇ ਰੋਗਾਂ ਬਾਰੇ ਚੋਟੀ ਦੀ ਲੈਬਾਰੇਟਰੀ ਦੇ ਦੋ ਵਿਗਿਆਨੀਆਂ ਜਿਨ੍ਹਾਂ ਨੇ ਚੀਨ ਨਾਲ ਕੰਮ ਕੀਤਾ ਹੈ ਦੇ ਸੈਂਸਰ ਰਹਿਤ ਰਿਕਾਰਡ ਨੂੰ ਤੁਰੰਤ ਜਾਰੀ ਕਰਨ ਦੀ ਮੰਗ ਕਰ ਰਹੀਆਂ ਹਨ। ਕੰਸਰਵੇਟਿਵਜ਼, ਨਿਊਡੈਮੋਕਰੈਟਸ ਅਤੇ ਬਲੌਕ ਕਿਊਬਕੋਇਸ ਨੇ ਅਪੀਲ ਕੀਤੀ ਕਿ ਦਸਤਾਵੇਜ਼ਾਂ ਨੂੰ ਤੁਰੰਤ ਉਪਲਬਧ ਕਰਵਾਇਆ ਜਾਵੇ। ਐਮਪੀਜ਼ ਦੀ ਵਿਸ਼ੇਸ਼ ਕਮੇਟੀ ਜਿਸ ਨੇ ਰਿਕਾਰਡ ਦਾ ਮੁਲਾਂਕਣ ਕੀਤਾ ਸੀ ਨੇ ਲੋਕਾਂ ਤੋਂ ਲਕੋ ਕੇ ਰੱਖੀ ਜਾਣਕਾਰੀ ਤੁਰੰਤ ਰਿਲੀਜ਼ ਕਰਨ ਦੀ ਸਿਫਾਰਸ਼ ਕੀਤੀ ਸੀ। ਕਮੇਟੀ ਨੇ ਪਾਇਆ ਕਿ ਲਗਦਾ ਹੈ ਕਿ ਸਬੰਧਤ ਜਨਤਕ ਸਿਹਤ ਏਜੰਸੀ ਆਫ ਕੈਨੇਡਾ ਤੋਂ ਪ੍ਰਾਪਤ ਦਸਤਾਵੇਜ਼ਾਂ ਦੀ ਸੋਧੀ ਹੋਈ ਬਹੁਤੀ ਜਾਣਕਾਰੀ ਕੌਮੀ ਸੁਰੱਖਿਆ ਨੂੰ ਬਚਾਉਣ ਨਾਲੋਂ ਸੰਗਠਨ ਨੂੰ ਸ਼ਰਮਿੰਦਗੀ ਤੋਂ ਬਚਾਉਣ ਲਈ ਰੋਕੀ ਗਈ ਹੈ। 19 ਫਰਵਰੀ ਦੇ ਪੱਤਰ ਵਿਚ ਇਸ ਨੇ ਸਿਫਾਰਸ਼ ਕੀਤੀ ਕਿ ਹਾਊਸ ਆਫ ਕਾਮਨਜ਼ ਦੀ ਅਗਲੀ ਬੈਠਕ ਵਿਖੇ ਇਸ ਰਿਕਾਰਡ ਦਾ ਬਹੁਤਾ ਹਿੱਸਾ ਜਨਤਕ ਕਰ ਦਿੱਤਾ ਜਾਵੇ।

## ਫਲੀਟਵੁੱਡ ਪੋਰਟ-ਕੇਲ ਫੈਡਰਲ ਲਿਬਰਲ ਐਸੋਸੀਏਸ਼ਨ ਦੀ ਮੀਟਿੰਗ 11 ਮਾਰਚ ਨੂੰ

ਸਰੀ-ਫਲੀਟਵੁੱਡ ਪੋਰਟ-ਕੇਲ ਫੈਡਰਲ ਲਿਬਰਲ ਐਸੋਸੀਏਸਨ ਦੀ 11 ਮਾਰਚ ਨੂੰ ਮੀਟਿੰਗ ਹੋ ਰਹੀ ਹੈ। ਐਸੋਸੀਏਸਨ ਅਤੇ ਐਮਪੀ ਕੇਨ ਹਾਰਡੀ ਸਾਡੇ ਵਿਸ਼ੇਸ਼ ਮਹਿਮਾਨ ਅਨੀਤਾ ਅਨੰਦ ਜੋ ਓਕਵਿਲ ਤੋਂ ਐਮਪੀ ਹਨ ਨਾਲ ਮੀਟਿੰਗ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੰਦੇ ਹਨ। ਇਸ ਮੀਟਿੰਗ ਨੂੰ ਯਾਦਗਾਰੀ ਤੇ ਸਫਲ ਫੰਡ ਰੇਜ਼ਿੰਗ ਸਮਾਗਮ ਬਣਾਉਣ ਲਈ ਤੁਹਾਨੂੰ ਇਸ ਸਮਾਰੋਹ ਵਿਚ ਪਰਿਵਾਰ ਤੇ ਦੋਸਤਾਂ ਨਾਲ ਸ਼ਾਮਿਲ ਹੋਣ ਦੀ ਅਪੀਲ ਕੀਤੀ ਜਾਂਦੀ ਹੈ। ਇਸ ਸਮਾਗਮ ਲਈ 200 ਤੇ 100 ਡਾਲਰ ਦੀ ਟਿਕਟ ਰੱਖੀ ਗਈ ਹੈ।




SURE SHOT LEARNING CENTER
ਸ਼ਿਯੋਰ-ਸ਼ੋਟ ਲਰਨਿੰਗ ਸੈਂਟਰ
604.446.2817
#102 9360 120 ਸਟਰੀਟ, ਸਰੀ



# ਸੁਖ ਵਿਲਾਸ ਹੋਟਲ ਲਈ ਬਣਾਈ 'ਈਕੋ ਟੂਰਿਜ਼ਮ' ਨੀਤੀ ਦੀ ਜਾਂਚ ਕਰਾਂਗੇ-ਭਗਵੰਤ ਮਾਨ

ਚੰਡੀਗੜ੍ਹ-ਮੁੱਖ ਮੰਤਰੀ ਭਗਵੰਤ ਮਾਨ ਨੇ ਅਗਾਮੀ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਬਾਦਲ ਪਰਿਵਾਰ ਨੂੰ ਸਿਆਸੀ ਮੁਹਾਜ਼ 'ਤੇ ਘੇਰਨ ਲਈ ਪਹਾੜਾਂ ਦੀ ਜੱਦ ਵਿਚ ਪੈਂਦੇ ਸੁੱਖ ਵਿਲਾਸ ਹੋਟਲ ਨੂੰ ਕਰੋੜਾਂ ਰੁਪਏ ਦੇ ਟੈਕਸਾਂ 'ਚ ਛੋਟ ਦੇਣ ਲਈ ਬਣਾਈ 'ਈਕੋ ਟੂਰਿਜ਼ਮ ਨੀਤੀ' ਉੱਤੇ ਉਂਗਲ ਉਠਾਈ ਹੈ। ਉਨ੍ਹਾਂ ਕਿਹਾ ਕਿ ਇਹ ਨੀਤੀ ਸਿਰਫ ਇੱਕੋ ਸੁੱਖ ਵਿਲਾਸ ਹੋਟਲ ਲਈ ਬਣਾਈ ਗਈ ਜਿਸ ਤਹਿਤ ਬਾਦਲ ਪਰਿਵਾਰ ਦੀ ਮਾਲਕੀ ਵਾਲੇ ਇਸ ਹੋਟਲ ਨੂੰ ਸਰਕਾਰੀ ਖਜ਼ਾਨੇ 'ਚੋਂ 108 ਕਰੋੜ ਰੁਪਏ ਦੇ ਟੈਕਸਾਂ ਦੀ ਛੋਟ ਦਿੱਤੀ ਗਈ। ਮੁੱਖ ਮੰਤਰੀ ਨੇ ਮੀਡੀਆ ਕੋਲ ਖੁਲਾਸਾ ਕੀਤਾ ਕਿ 'ਈਕੋ ਟੂਰਿਜ਼ਮ ਨੀਤੀ' ਦਾ ਫਾਇਦਾ ਸਿਰਫ ਬਾਦਲ ਪਰਿਵਾਰ ਨੂੰ ਮਿਲਿਆ। ਉਨ੍ਹਾਂ ਕਿਹਾ ਕਿ ਟੈਕਸਾਂ 'ਚ ਦਿੱਤੀ ਛੋਟ ਨਾਲ ਖਜ਼ਾਨੇ ਨੂੰ ਵਿੱਤੀ ਸੱਟ ਵੱਜੀ ਹੈ ਜਿਸ ਕਰਕੇ ਉਹ ਇਸ ਨੀਤੀ ਨੂੰ ਘੜਨ ਵਾਲਿਆਂ ਜਿਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਤਤਕਾਲੀ ਕੈਬਨਿਟ ਮੰਤਰੀ ਵੀ ਹਨ, ਖਿਲਾਫ ਐਕਸ਼ਨ ਲੈਣਗੇ। ਜਦੋਂ ਇਹ ਨੀਤੀ ਬਣੀ ਉਦੋਂ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਸਨ। ਉਨ੍ਹਾਂ ਕਿਹਾ ਕਿ ਇਸ ਨੀਤੀ ਨੂੰ ਘੜਨ ਵਾਲੇ ਅਫਸਰਾਂ ਖ਼ਿਲਾਫ਼ ਵੀ ਕਾਰਵਾਈ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ



ਈਕੋ ਟੂਰਿਜ਼ਮ ਨੀਤੀ ਦੀ ਘੋਖ ਕਰਨ ਵਾਸਤੇ ਐਡਵੋਕੇਟ ਜਨਰਲ ਨੂੰ ਹਦਾਇਤ ਕੀਤੀ ਹੈ ਤਾਂ ਜੋ ਪਤਾ ਲੱਗ ਸਕੇ ਕਿ ਕਿਵੇਂ ਇੱਕ ਪਰਿਵਾਰ ਨੂੰ ਨਿੱਜੀ ਲਾਭ ਦੇਣ ਖਾਤਰ ਨਿਯਮਾਂ ਨੂੰ ਤੋੜਿਆ ਮਰੋੜਿਆ ਗਿਆ। ਉਨ੍ਹਾਂ ਦੱਸਿਆ ਕਿ ਏਜੀ ਦੀ ਕਾਨੂੰਨੀ ਸਲਾਹ ਮਗਰੋਂ ਉਨ੍ਹਾਂ ਸਭਨਾਂ ਖ਼ਿਲਾਫ਼ ਕਾਰਵਾਈ ਲਈ ਕਦਮ ਵਧਾਏ ਜਾਣਗੇ ਜੋ ਲੋਕਾਂ ਦੇ ਪੈਸੇ ਦੀ ਲੁੱਟ ਵਿਚ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਤਤਕਾਲੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਬਾਦਲ ਪਰਿਵਾਰ ਨੂੰ ਫਾਇਦਾ ਦੇਣ ਲਈ ਇਸ ਹੋਟਲ ਦੇ ਨਿਰਮਾਣ ਵਾਸਤੇ ਨਿਯਮਾਂ ਵਿਚ ਭੰਨ ਤੋੜ ਕਰਕੇ ਈਕੋ ਟੂਰਿਜ਼ਮ ਨੀਤੀ 2009 ਬਣਾਈ। ਮੁੱਖ ਮੰਤਰੀ ਨੇ ਵੇਰਵੇ ਸਾਂਝੇ ਕੀਤੇ ਕਿ ਇਸ ਰਿਜ਼ੌਰਟ ਦਾ 10 ਸਾਲਾਂ ਲਈ ਐੱਸਜੀ ਐੱਸਟੀ ਤੇ ਵੈਟ ਦਾ 75-75 ਫੀਸਦੀ ਹਿੱਸਾ ਮੁਆਫ਼ ਕੀਤਾ ਗਿਆ ਜੋ ਕਿ 85 ਕਰੋੜ ਰੁਪਏ ਬਣਦਾ ਹੈ। ਦਸ ਸਾਲ ਲਈ ਹੀ ਸੌ ਫੀਸਦੀ ਬਿਜਲੀ ਕਰ ਮੁਆਫ ਕੀਤਾ ਜੋ ਕਿ 11.44 ਕਰੋੜ ਰੁਪਏ ਬਣਦਾ ਹੈ ਅਤੇ ਇਸੇ ਤਰ੍ਹਾਂ 11 ਕਰੋੜ ਦਾ ਲਗਜ਼ਰੀ ਟੈਕਸ ਅਤੇ ਲਾਇਸੈਂਸ ਫੀਸ ਮੁਆਫ ਕੀਤੀ ਗਈ। ਇਸ ਰਿਜ਼ੌਰਟ ਦਾ 11 ਮਈ 2015 ਤੋਂ 10 ਮਈ 2025 ਤੱਕ ਦੇ ਸਮੇਂ ਦਾ ਟੈਕਸ ਮੁਆਫ਼ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜਿਥੇ ਕਿਤੇ ਪਹਿਲਾਂ ਪੋਲਟਰੀ ਫਾਰਮ ਹੁੰਦਾ ਸੀ, ਉਸ ਨੂੰ ਮਗਰੋਂ ਸੁੱਖ ਵਿਲਾਸ ਹੋਟਲ ਵਿਚ ਤਬਦੀਲ ਕਰ ਦਿੱਤਾ ਗਿਆ।

# ਭਾਰਤ ਨੂੰ ਤੀਜਾ ਵੱਡਾ ਅਰਥਚਾਰਾ ਬਣਾਉਣ ਦੇ ਟੀਚੇ ਨਾਲ ਚੋਣਾਂ ਲੜੇਗੀ ਭਾਜਪਾ-ਮੋਦੀ

ਭੋਪਾਲ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਜਪਾ ਭਾਰਤ ਨੂੰ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣਾਉਣ ਦੇ ਟੀਚੇ ਨਾਲ ਅਗਾਮੀ ਲੋਕ ਸਭਾ ਚੋਣਾਂ 'ਚ ਨਿੱਤਰ ਰਹੀ ਹੈ ਅਤੇ ਹਰ ਪਾਸੇ ਇੱਕੋ ਹੀ ਗੱਲ ਸੁਣਾਈ ਦੇ ਰਹੀ ਹੈ ਕਿ ਭਗਵਾ ਪਾਰਟੀ ਦੀ ਅਗਵਾਈ ਵਾਲਾ ਐੱਨਡੀਏ ਗੱਠਜੋੜ 400 ਸੀਟਾਂ ਦਾ ਅੰਕੜਾ ਪਾਰ ਕਰ ਲਵੇਗਾ। ਪ੍ਰਧਾਨ ਮੰਤਰੀ ਨੇ ਇਹ ਟਿੱਪਣੀ ਭਾਜਪਾ ਸ਼ਾਸਿਤ ਸੂਬੇ ਵਿੱਚ 17,551 ਕਰੋੜ ਵਿਕਾਸ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖਣ ਤੇ ਉਦਘਾਟਨ ਮਗਰੋਂ 'ਵਿਕਸਿਤ ਭਾਰਤ ਵਿਕਸਿਤ ਮੱਧ ਪ੍ਰਦੇਸ਼' ਰੈਲੀ ਨੂੰ ਵਰਚੁਅਲੀ ਸੰਬੋਧਨ ਕਰਦਿਆਂ ਕੀਤੀ। ਮੋਦੀ ਨੇ ਕਿਹਾ ਕਿ ਉਨ੍ਹਾਂ ਦੇ 10 ਸਾਲਾਂ ਦੇ ਕਾਰਜਕਾਲ ਦੌਰਾਨ ਕੌਮਾਂਤਰੀ ਪੱਧਰ 'ਤੇ ਭਾਰਤ ਦੀ ਸਾਖ ਵਧੀ ਹੈ ਜਿਸ ਨਾਲ ਵਿਦੇਸ਼ੀ ਨਿਵੇਸ਼ ਲਿਆਉਣ 'ਚ ਮਦਦ ਮਿਲੀ ਹੈ। ਦੂਜੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 1 ਤੇ 2 ਮਾਰਚ ਨੂੰ ਪੱਛਮੀ ਬੰਗਾਲ 'ਚ 22,000 ਕਰੋੜ ਰੁਪਏ ਦੇ ਪ੍ਰਾਜੈਕਟਾਂ ਦਾ ਉਦਘਾਟਨ ਕਰਨਗੇ। ਇੱਕ ਅਧਿਕਾਰਤ ਬਿਆਨ 'ਚ ਕਿਹਾ ਗਿਆ ਕਿ ਮੋਦੀ 2 ਮਾਰਚ ਨੂੰ ਬਿਹਾਰ ਤੋਂ ਦੇਸ਼ ਭਰ 'ਚ 1.83 ਲੱਖ ਕਰੋੜ ਦੇ ਪ੍ਰਾਜੈਕਟਾਂ ਦੇ ਵਰਚੁਅਲੀ ਉਦਘਾਟਨ ਕਰਨਗੇ। ਬਿਆਨ ਮੁਤਾਬਕ ਮੋਦੀ 1 ਮਾਰਚ ਨੂੰ ਝਾਰਖੰਡ 'ਚ 35,000 ਕਰੋੜ ਦੇ ਵਿਕਾਸ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖਣਗੇ ਤੇ ਉਦਘਾਟਨ ਕਰਨਗੇ। ਉਹ 1 ਮਾਰਚ ਨੂੰ ਬੰਗਾਲ 'ਚ ਅਰਾਮਬਾਗ ਤੇ 2 ਮਾਰਚ ਨੂੰ ਕ੍ਰਿਸ਼ਨਾਨਗਰ 'ਚ ਜਨਤਕ ਪ੍ਰੋਗਰਾਮਾਂ 'ਚ ਸ਼ਾਮਲ ਹੋਣਗੇ ਜਦਕਿ ਬਿਹਾਰ 'ਚ ਔਰੰਗਾਬਾਦ ਅਤੇ ਬੇਗੂਸਰਾਏ ਦਾ ਦੌਰਾ



ਕਰਨਗੇ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਹਾਰਾਸ਼ਟਰ ਦੇ ਯਵਤਮਾਲ ਵਿੱਚ ਕਿਸਾਨ ਸੰਮਾਨ ਨਿਧੀ ਯੋਜਨਾ ਦੀ 16ਵੀਂ ਕਿਸ਼ਤ ਜਾਰੀ ਕੀਤੀ।

# ਯਾਤਰੀ ਨੂੰ ਵ੍ਹੀਲਚੇਅਰ ਨਾ ਦੇਣ ਕਾਰਨ ਏਅਰ ਇੰਡੀਆ ਨੂੰ 30 ਲੱਖ ਰੁਪਏ ਜੁਰਮਾਨਾ

ਨਵੀਂ ਦਿੱਲੀ-ਸ਼ਹਿਰੀ ਹਵਾਬਾਜ਼ੀ ਡਾਇਰੈਕਟੋਰੇਟ ਜਨਰਲ (ਡੀਜੀਸੀਏ) ਨੇ ਮੁੰਬਈ ਹਵਾਈ ਅੱਡੇ 'ਤੇ 80 ਸਾਲਾ ਯਾਤਰੀ ਨੂੰ ਵ੍ਹੀਲਚੇਅਰ ਨਾ ਦੇਣ 'ਤੇ ਏਅਰ ਇੰਡੀਆ 'ਤੇ 30 ਲੱਖ ਰੁਪਏ ਦਾ ਜੁਰਮਾਨਾ ਕੀਤਾ ਹੈ। ਯਾਤਰੀ ਨੂੰ ਜਹਾਜ਼ ਤੋਂ ਟਰਮੀਨਲ ਤੱਕ ਪੈਦਲ ਜਾਣਾ ਪਿਆ ਕਿਉਂਕਿ ਵ੍ਹੀਲਚੇਅਰ ਉਪਲਬੱਧ ਨਹੀਂ ਸੀ ਅਤੇ ਉਹ ਡਿੱਗ ਗਿਆ। ਇਸ ਯਾਤਰੀ ਦੀ ਬਾਅਦ ਵਿੱਚ ਮੌਤ ਹੋ ਗਈ। ਇਹ ਘਟਨਾ 12 ਫਰਵਰੀ ਨੂੰ ਵਾਪਰੀ ਸੀ। ਏਅਰ ਇੰਡੀਆ ਨੂੰ 30 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਹੈ ਕਿਉਂਕਿ ਉਹ ਬਜ਼ੁਰਗ ਯਾਤਰੀ ਨੂੰ ਵ੍ਹੀਲਚੇਅਰ ਮੁਹੱਈਆ ਕਰਵਾਉਣ ਵਿੱਚ ਅਸਫਲ ਰਹੀ ਸੀ। ਇਸ ਤੋਂ ਇਲਾਵਾ ਏਅਰ ਇੰਡੀਆ ਨੇ ਇਸ ਮਾਮਲੇ 'ਚ ਗਲਤੀ ਕਰਨ ਵਾਲੇ ਆਪਣੇ ਮੁਲਾਜ਼ਮਾਂ ਬਾਰੇ ਵੀ ਜਾਣਕਾਰੀ ਨਹੀਂ ਦਿੱਤੀ।

# ਪੰਜਾਬ ਸਰਕਾਰ ਵਲੋਂ ਗਰਾਮ ਪੰਚਾਇਤਾਂ ਭੰਗ

## ਪ੍ਰਬੰਧਕ ਨਿਯੁਕਤ ਕਰਨ ਦੇ ਅਧਿਕਾਰ ਡਾਇਰੈਕਟਰ ਨੂੰ ਦਿੱਤੇ

ਚੰਡੀਗੜ੍ਹ-ਪੰਜਾਬ ਸਰਕਾਰ ਨੇ ਪੰਜ ਸਾਲ ਦਾ ਕਾਰਜਕਾਲ ਪੂਰਾ ਕਰਨ ਵਾਲੀਆਂ ਸੂਬੇ ਦੀਆਂ ਗਰਾਮ ਪੰਚਾਇਤਾਂ ਭੰਗ ਕਰ ਦਿੱਤੀਆਂ ਹਨ। 'ਆਪ' ਸਰਕਾਰ ਨੇ ਪਹਿਲੀ ਗਲਤੀ ਤੋਂ ਸਬਕ ਲੈਂਦਿਆਂ ਹੁਣ ਬਕਾਇਦਾ ਕਾਨੂੰਨੀ ਮਸ਼ਵਰਾ ਲੈਣ ਮਗਰੋਂ ਗਰਾਮ ਪੰਚਾਇਤਾਂ ਨੂੰ ਭੰਗ ਕੀਤਾ ਹੈ। ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਸੂਬਾ ਸਰਕਾਰ ਦੇ ਇਸ ਫੈਸਲੇ ਨਾਲ ਗਰਾਮ ਪੰਚਾਇਤਾਂ ਦੀਆਂ ਚੋਣਾਂ ਕਰਾਉਣ ਦਾ ਰਾਹ ਪੱਧਰਾ ਹੋ ਗਿਆ ਹੈ। ਪੰਚਾਇਤ ਚੋਣਾਂ ਲੋਕ ਸਭਾ ਚੋਣਾਂ ਮਗਰੋਂ ਹੋਣੀਆਂ ਤੈਅ ਹਨ। ਉਧਰ ਬਲਾਕ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦਾ ਕਾਰਜਕਾਲ ਮੌਜੂਦਾ ਵਰ੍ਹੇ ਨਵੰਬਰ ਤੱਕ ਦਾ ਹੈ ਜਿਨ੍ਹਾਂ ਬਾਰੇ ਫੈਸਲਾ ਕਾਰਜਕਾਲ ਪੂਰਾ ਹੋਣ ਉਪਰੰਤ ਲਿਆ ਜਾਵੇਗਾ। ਪੰਜਾਬ ਵਿਚ ਇਸ ਵੇਲੇ 13,241 ਗਰਾਮ ਪੰਚਾਇਤਾਂ ਹਨ। ਨਵੀਆਂ ਪੰਚਾਇਤਾਂ ਚੁਣੇ ਜਾਣ ਤੱਕ ਪੰਚਾਇਤਾਂ ਦਾ ਕੰਮਕਾਰ ਸਰਕਾਰੀ ਅਧਿਕਾਰੀ ਅਤੇ ਮੁਲਾਜ਼ਮ ਦੇਖਣਗੇ। ਨੋਟੀਫਿਕੇਸ਼ਨ ਅਨੁਸਾਰ ਪੰਚਾਇਤਾਂ ਭੰਗ ਹੋਣ ਮਗਰੋਂ ਹੁਣ ਨਵੇਂ ਪ੍ਰਬੰਧਕ ਲਗਾਉਣ ਦੇ ਅਧਿਕਾਰ ਪੰਚਾਇਤ ਵਿਭਾਗ ਦੇ ਡਾਇਰੈਕਟਰ ਨੂੰ ਦਿੱਤੇ ਗਏ ਹਨ। ਪੰਚਾਇਤੀ ਰਿਕਾਰਡ ਦਾ ਚਾਰਜ ਹੁਣ ਸਰਕਾਰੀ ਅਧਿਕਾਰੀ ਤੇ ਮੁਲਾਜ਼ਮ ਲੈਣਗੇ ਅਤੇ ਜਲਦੀ ਹੀ ਇਨ੍ਹਾਂ ਪੰਚਾਇਤਾਂ ਦੇ ਪ੍ਰਬੰਧਕ ਨਿਯੁਕਤ ਹੋਣਗੇ। ਪੰਚਾਇਤਾਂ ਦੀ ਥਾਂ ਨਿਯੁਕਤ ਕੀਤੇ ਜਾਣ ਵਾਲੇ ਪ੍ਰਬੰਧਕ ਪਿੰਡਾਂ ਦੇ ਵਿਕਾਸ ਕਾਰਜ ਕਰਾਉਣ ਦੇ ਯੋਗ ਹੋਣਗੇ ਪ੍ਰੰਤੂ ਉਹ ਪੰਚਾਇਤੀ ਜ਼ਮੀਨਾਂ ਦੇ ਤਬਾਦਲੇ ਜਾਂ ਲੀਜ਼ 'ਤੇ ਦੇਣ ਆਦਿ ਜਿਹੇ ਫੈਸਲੇ ਨਹੀਂ ਲੈ ਸਕਣਗੇ। ਪੰਚਾਇਤੀ ਰਾਜ ਐਕਟ 1994 ਦੀ ਧਾਰਾ 29-ਏ ਤਹਿਤ ਪੰਚਾਇਤਾਂ ਨੂੰ ਭੰਗ ਕੀਤਾ ਗਿਆ ਹੈ। ਐਕਟ ਦੀ ਧਾਰਾ 15 ਤਹਿਤ ਚੁਣੀਆਂ ਗਈਆਂ ਪੰਚਾਇਤਾਂ ਦੇ ਪੰਜ ਸਾਲ ਦਾ ਕਾਰਜਕਾਲ ਪੰਚਾਇਤ ਦੀ ਪਹਿਲੀ ਮੀਟਿੰਗ ਤੋਂ ਸ਼ੁਰੂ ਹੁੰਦਾ ਹੈ। ਸੰਵਿਧਾਨ ਦੀ ਧਾਰਾ 243-ਈ ਤਹਿਤ ਵੀ ਪੰਚਾਇਤਾਂ ਦਾ ਕਾਰਜਕਾਲ ਪੰਜ ਸਾਲ ਤੈਅ ਕੀਤਾ ਗਿਆ ਹੈ। ਚੇਤੇ ਰਹੇ ਕਿ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਪਿਛਲੇ ਸਾਲ 10 ਅਗਸਤ ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਪੰਚਾਇਤੀ ਸੰਸਥਾਵਾਂ ਭੰਗ ਕਰਕੇ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਚੋਣਾਂ ਉਸੇ ਵਰ੍ਹੇ 25 ਨਵੰਬਰ ਤੱਕ ਅਤੇ ਗਰਾਮ ਪੰਚਾਇਤਾਂ ਦੀਆਂ ਚੋਣਾਂ 31 ਦਸੰਬਰ ਤੱਕ ਕਰਾਉਣ ਦਾ ਐਲਾਨ ਕੀਤਾ ਸੀ। ਉਦੋਂ ਪੰਚਾਇਤ ਯੂਨੀਅਨ ਨੇ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ। ਪੰਜਾਬ ਸਰਕਾਰ ਨੂੰ ਉਦੋਂ ਯੂ-ਟਰਨ ਲੈਣਾ ਪਿਆ ਸੀ ਅਤੇ ਪੰਚਾਇਤ ਵਿਭਾਗ ਦੇ ਦੋ ਸੀਨੀਅਰ ਅਧਿਕਾਰੀ ਵੀ ਮੁਅੱਤਲ ਕੀਤੇ ਸਨ। ਐਤਕੀਂ ਮੁੱਖ ਮੰਤਰੀ ਭਗਵੰਤ ਮਾਨ ਨੇ ਸਮੁੱਚੀ ਪ੍ਰਕਿਰਿਆ 'ਤੇ ਖੁਦ ਨਜ਼ਰਸਾਨੀ ਕੀਤੀ ਅਤੇ ਐਡਵੋਕੇਟ ਜਨਰਲ ਦੇ ਮਸ਼ਵਰੇ ਮਗਰੋਂ ਪੰਚਾਇਤਾਂ ਨੂੰ ਭੰਗ ਕੀਤਾ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਵਾਰਡਬੰਦੀ, ਵੋਟਰ ਸੂਚੀਆਂ ਦੀ ਸੁਧਾਈ ਅਤੇ ਰਾਖਵੇਂਕਰਨ ਆਦਿ ਦੀ ਪ੍ਰਕਿਰਿਆ ਪਹਿਲਾਂ ਹੀ ਵਿੱਢੀ ਹੋਈ ਸੀ।






## ਨੌਜਵਾਨ ਕਿਸਾਨ ਦੀ ਦੁਖਦਾਈ ਮੌਤ

# ਕਿਸਾਨ ਜਥੇਬੰਦੀਆਂ ਦਾ ਏਕਾ ਸਮੇਂ ਦੀ ਵੱਡੀ ਲੋੜ...

**ਸੁਖਵਿੰਦਰ ਸਿੰਘ ਚੋਹਲਾ**

ਫਸਲਾਂ ਤੇ ਘੱਟੋ ਘੱਟ ਸਮਰਥਨ ਮੁੱਲ (ਐਮ ਐਸ ਪੀ) ਗਾਰੰਟੀ ਕਨੂੰਨ ਤੇ ਹੋਰ ਮੰਗਾਂ ਨੂੰ ਲੈਕੇ ਸਾਂਝਾ ਕਿਸਾਨ ਮੋਰਚਾ ਵਲੋਂ ਸ਼ੁਰੂ ਕੀਤਾ ਗਿਆ ਕਿਸਾਨ ਅੰਦੋਲਨ ਆਪਣੇ ਸ਼ੁਰੂਆਤੀ ਪੜਾਅ ਦੌਰਾਨ ਹੀ ਤਲਖੀ ਤੇ ਉਦਾਸੀ ਨਾਲ ਭਰ ਗਿਆ ਹੈ। ਜਿਵੇਂ ਕਿ ਸਰਕਾਰ ਨੇ ਅੰਦੋਲਨ ਨੂੰ ਪਹਿਲਾਂ ਹੀ ਸਖਤੀ ਨਾਲ ਕੁਚਲ ਦੇਣ ਦਾ ਮਨ ਬਣਾਕੇ ਹਰਿਆਣਾ ਦੀ ਹੱਦ ਨਾਲ ਕੌਮਾਂਤਰੀ ਸਰਹੱਦ ਵਾਂਗ ਨਾਕਾਬੰਦੀ ਕਰਕੇ, ਭਾਰੀ ਪੁਲਿਸ ਬਲ ਦਾ ਪ੍ਰਯੋਗ ਕਰਦਿਆਂ ਜੋ ਮਾਹੌਲ ਸਿਰਜਿਆ, ਉਹ ਜਿਥੇ ਅਤਿ ਨਿੰਦਣਯੋਗ ਹੈ ਉਥੇ ਇਕ ਜਮਹੂਰੀ ਮੁਲਕ ਵਿਚ ਸਰਕਾਰ ਦੇ ਤਾਨਾਸ਼ਾਹ ਰਵੱਈਏ ਨੂੰ ਵੀ ਜਾਹਰ ਕਰਦਾ ਹੈ। ਹਰਿਆਣਾ ਦੇ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਵਲੋਂ ਕਿਸਾਨਾਂ ਖਿਲਾਫ ਕੀਤੀ ਗਈ ਸਖਤ ਬਿਆਨਜ਼ਬਾਜੀ ਦਾ ਇਹ ਨਤੀਜਾ ਕਿਹਾ ਜਾ ਸਕਦਾ ਹੈ ਕਿ ਸ਼ੰਭੂ ਤੇ ਖਨੌਰੀ ਬਾਰਡਰ ਉਪਰ ਪੰਜਾਬ ਵਾਲੇ ਪਾਸੇ ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਉਪਰ ਅੱਥਰੂ ਗੈਸ, ਡਰੋਨ ਹਮਲਿਆਂ ਦੇ ਨਾਲ ਜੋ ਗੋਲੀਬਾਰੀ ਕੀਤੀ ਗਈ, ਉਸਦੀ ਵੀਡੀਓਗ੍ਰਾਫੀ ਤੋਂ ਇਵੇਂ ਲੱਗਦਾ ਹੈ ਕਿ ਜਿਵੇਂ ਪ੍ਰਦਰਸ਼ਨਕਾਰੀ ਆਪਣੀ ਧਰਤੀ ਦੇ ਨਹੀ ਦੁਸ਼ਮਣ ਦੇਸ਼ ਦੇ ਲੋਕ ਹੋਣ। ਕਿਸਾਨਾਂ ਵਲੋਂ ਦਿੱਲੀ ਮਾਰਚ ਦੇ ਐਲਾਨ ਦੇ ਨਾਲ ਹੀ ਹਰਿਆਣਾ ਦੀ ਤਰਫੋਂ ਜਿਵੇਂ ਦਾ ਜਬਰ ਢਾਹਿਆ ਗਿਆ, ਉਸਨੇ ਇਕ ਨੌਜਵਾਨ ਕਿਸਾਨ ਦੀ ਜਾਨ ਲੈ ਲਈ ਤੇ ਸੈਂਕੜੇ ਕਿਸਾਨਾਂ ਨੂੰ ਜ਼ਖਮੀ ਹਾਲਤ ਵਿਚ ਹਸਪਤਾਲ ਪਹੁੰਚਾ ਦਿੱਤਾ ਹੈ।

ਖਨੌਰੀ ਬਾਰਡਰ ਉਪਰ ਹਰਿਆਣਾ ਪੁਲਿਸ ਵਲੋਂ ਕੀਤੀ ਗਈ ਗੋਲੀਬਾਰੀ ਦੌਰਾਨ ਸ਼ੁਭਕਰਨ ਸਿੰਘ ਨਾਮ ਦੇ ਨੌਜਵਾਨ ਕਿਸਾਨ ਦੀ ਜਾਨ ਚਲੇ ਜਾਣ ਦੀ ਘਟਨਾ ਨੇ ਕੇਂਦਰ ਤੇ ਹਰਿਆਣਾ ਸਰਕਾਰ ਪ੍ਰਤੀ ਭਾਰੀ ਲੋਕ ਰੋਹ ਪੈਦਾ ਕਰ ਦਿੱਤਾ ਹੈ। ਇਸ ਲੋਕ ਰੋਹ ਦੀ ਉਪਜ ਵਜੋਂ ਸੰਯੁਕਤ ਕਿਸਾਨ ਮੋਰਚਾ ਨਾਲ ਸਬੰਧਿਤ ਸਾਰੀਆਂ ਧਿਰਾਂ ਨੇ ਸਾਂਝਾ ਕਿਸਾਨ ਮੋਰਚੇ ਦੀ ਹਮਾਇਤ ਦਾ ਐਲਾਨ ਕਰਦਿਆਂ ਦੇਸ਼ ਭਰ ਵਿਚ ਵਿਸ਼ਾਲ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਹੈ।




ਹਰਿਆਣਾ ਤੇ ਯੂਪੀ ਦੇ ਕਿਸਾਨ ਆਗੂਆਂ ਵਲੋਂ ਵੀ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਉਤਰਨ ਦੇ ਐਲਾਨ ਨੇ ਸਰਕਾਰ ਨੂੰ ਕੁਝ ਹਲੂਣਾ ਦਿੱਤਾ ਹੈ। ਹਰਿਆਣਾ ਸਰਕਾਰ ਜੋ ਕੁਝ ਦਿਨ ਪਹਿਲਾਂ ਕਿਸਾਨ ਅੰਦੋਲਨ ਵਿਚ ਸ਼ਾਮਿਲ ਹੋਣ ਵਾਲੇ ਕਿਸਾਨਾਂ ਖਿਲਾਫ ਐਨ ਐਸ ਏ ਤਹਿਤ ਕਾਰਵਾਈ ਦੀ ਚੇਤਾਵਨੀ ਦੇ ਰਹੀ ਸੀ, ਨੇ ਆਪਣੇ ਹੁਕਮ ਵਾਪਿਸ ਲੈ ਲਏ ਹਨ। ਕੇਂਦਰੀ ਖੇਤੀ ਮੰਤਰੀ ਅਰਜਨ ਮੁੰਡਾ ਨੇ ਵੀ ਕਿਸਾਨਾਂ ਨੂੰ ਪੰਜਵੇਂ ਗੇੜ ਦੀ ਗੱਲਬਾਤ ਦਾ ਸੱਦਾ ਦਿੰਦਿਆਂ ਐਮ ਐਸ ਪੀ ਗਾਰੰਟੀ ਕਨੂੰਨ ਸਮੇਤ ਹੋਰ ਮੰਗਾਂ ਨੂੰ ਵਿਚਾਰਨ ਦੀ ਹਾਮੀ ਭਰੀ ਹੈ।

ਇਸ ਦੌਰਾਨ ਪੰਜਾਬ ਸਰਕਾਰ ਨੇ ਕਿਸਾਨ ਅੰਦੋਲਨ ਦੌਰਾਨ ਮਾਰੇ ਗਏ ਨੌਜਵਾਨ ਕਿਸਾਨ ਦੇ ਪਰਿਵਾਰ ਨੂੰ ਇਕ ਕਰੋੜ ਦੀ ਸਹਾਇਤਾ ਰਾਸ਼ੀ ਤੇ ਪਰਿਵਾਰ ਦੇ ਇਕ ਜੀਅ ਨੂੰ ਨੌਕਰੀ ਦੇਣ ਦਾ ਐਲਾਨ ਕੀਤਾ ਹੈ। ਪਰ ਕਿਸਾਨ ਜਥੇਬੰਦੀਆਂ ਨੇ ਕੇਂਦਰ ਦੇ ਗੱਲਬਾਤ ਦੇ ਸੱਦੇ ਨੂੰ ਠੁਕਰਾਉਣ ਦੇ ਨਾਲ ਪੰਜਾਬ ਸਰਕਾਰ ਵਲੋਂ ਐਲਾਨੀ ਸਹਾਇਤਾ ਨੂੰ ਵੀ ਸਵੀਕਾਰ ਕਰਨ ਤੋ ਇਨਕਾਰ ਕਰ ਦਿੱਤਾ ਹੈ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਇਸ ਸਮੇਂ ਉਹਨਾਂ ਦੀ ਪਹਿਲੀ ਮੰਗ ਨੌਜਵਾਨ ਕਿਸਾਨ ਦੀ ਹੱਤਿਆ ਲਈ ਦੋਸ਼ੀਆਂ ਖਿਲਾਫ ਕਤਲ ਦਾ ਮੁਕੱਦਮਾ ਦਰਜ ਕਰਵਾਉਣ ਦੇ ਨਾਲ ਗੋਲੀਬਾਰੀ ਦੀ ਜਾਂਚ ਕਰਵਾਉਣਾ ਅਹਿਮ ਹੈ। ਕਿਸਾਨ ਆਗੂ ਆਪਣੀਆਂ ਮੰਗਾਂ ਨਾ ਮੰਨੇ ਜਾਣ ਦੀ ਸੂਰਤ ਤੱਕ ਮ੍ਰਿਤਕ ਕਿਸਾਨ ਦਾ ਪੋਸਟ ਮਾਰਟਮ ਕਰਵਾਉਣ ਤੇ ਅੰਤਿਮ ਸੰਸਕਾਰ ਵੀ ਨਾ ਕਰਨ ਲਈ ਬਜਿਦ ਹਨ। ਕਿਸਾਨ ਆਗੂਆਂ ਦੇ ਨਾਲ ਕਿਸਾਨ ਹਮਦਰਦ ਲੋਕ ਅਤੇ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਵੀ ਨੌਜਵਾਨ ਕਿਸਾਨ ਦੀ ਨਿਰਦਈ ਹੱਤਿਆ ਲਈ ਸਰਕਾਰ ਨੂੰ ਜਿੰਮੇਵਾਰ ਠਹਿਰਾ ਰਹੇ ਹਨ। ਸਵਾਲ ਹੈ ਕਿ ਕਿਸਾਨਾਂ ਦੇ ਰੋਸ ਮਾਰਚ ਦੌਰਾਨ ਅਜਿਹੇ ਕਿਹੜੇ ਹਾਲਾਤ ਬਣ ਗਏ ਸਨ ਕਿ ਪੁਲਿਸ ਨੂੰ ਕਿਸਾਨਾਂ ਉਪਰ ਸਿੱਧੀ ਗੋਲੀਬਾਰੀ ਦੇ ਹੁਕਮ ਕਰ ਦਿੱਤੇ ਗਏ। ਹਰਿਆਣਾ ਪੁਲਿਸ ਗੋਲੀਬਾਰੀ ਕੀਤੇ ਜਾਣ ਤੋ ਇਨਕਾਰ ਕਰ ਰਹੀ ਹੈ ਪਰ ਵੀਡੀਓ ਤੋਂ ਸਪੱਸ਼ਟ ਹੈ ਕਿ ਮ੍ਰਿਤਕ ਕਿਸਾਨ ਦੀ ਮੌਤ ਸਿਰ ਵਿਚ ਗੋਲੀ ਲੱਗਣ ਕਾਰਣ ਹੋਈ ਹੈ। ਭਾਵੇਂਕਿ ਇਸਦੀ ਪੁਸ਼ਟੀ ਪੋਸਟ ਮਾਰਟਮ ਦੀ ਰਿਪੋਰਟ ਵਿਚ ਹੀ ਹੋ ਸਕੇਗੀ। ਕਿਸਾਨਾਂ ਵਲੋਂ ਗੋਲੀਬਾਰੀ ਤੇ ਕਿਸਾਨ ਦੀ ਮੌਤ ਲਈ ਹਰਿਆਣਾ ਦੇ ਗ੍ਰਹਿ ਮੰਤਰੀ ਨੂੰ ਜਿੰਮੇਵਾਰ ਠਹਿਰਾਉਂਦਿਆਂ ਉਸਦੇ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਸੰਯੁਕਤ ਕਿਸਾਨ ਮੋਰਚੇ ਨੇ ਕਿਸਾਨ ਅੰਦੋਲਨ ਦੀ ਹਮਾਇਤ ਵਿਚ 26 ਫਰਵਰੀ ਨੂੰ ਕੌਮੀ ਮਾਰਗਾਂ ਉਪਰ ਟਰੈਕਟਰ ਮਾਰਚ ਕਰਨ ਉਪਰੰਤ 14 ਮਾਰਚ ਨੂੰ ਦਿੱਲੀ ਵਿਚ ਮਹਾਂਪੰਚਾਇਤ ਬੁਲਾਉਣ ਦਾ ਐਲਾਨ ਕੀਤਾ ਹੈ। ਆਯੁਧਿਆ ਵਿਚ ਰਾਮ ਮੰਦਿਰ ਦੀ ਉਸਾਰੀ ਨਾਲ ਬਹੁਗਿਣਤੀ ਹਿੰਦੂ ਵੋਟਰਾਂ ਵਿਚ ਧਰਮ ਦਾ ਪੱਤਾ ਖੇਡਣ ਵਾਲੀ ਭਾਰਤੀ ਜਨਤਾ ਪਾਰਟੀ ਦੀ ਫਿਰਕੂ ਸਿਆਸਤ ਦਰਮਿਆਨ ਆਗਾਮੀ ਲੋਕ ਸਭਾ ਚੋਣਾਂ ਨੂੰ ਵੇਖਦਿਆਂ ਦਿੱਲੀ ਦੇ ਰਾਮ ਲੀਲਾ ਮੈਦਾਨ ਵਿਚ ਕਿਸਾਨ ਮਜਦੂਰ ਮਹਾਂਪੰਚਾਇਤ ਦਾ ਐਲਾਨ ਭਾਰਤੀ ਰਾਜਨੀਤੀ ਨੂੰ ਨਵਾਂ ਮੋੜ ਦੇਣ ਵਾਲਾ ਸਾਬਿਤ ਹੋ ਸਕਦਾ ਹੈ। ਨੌਜਵਾਨ ਕਿਸਾਨ ਦੀ ਸ਼ਹਾਦਤ ਕਿਸਾਨ ਜਥੇਬੰਦੀਆਂ ਵਿਚ ਏਕੇ ਦਾ ਆਧਾਰ ਬਣਨ ਦੇ ਨਾਲ ਸਮੇਂ ਦੀ ਵੱਡੀ ਲੋੜ ਵੀ ਹੈ।

ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.

REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426



# ਬਰਤਾਨੀ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਸਿੱਖ ਭਾਈਚਾਰੇ ਦੇ ਦਮਨ ਦਾ ਮੁੱਦਾ ਉਠਾਇਆ

ਲੰਡਨ-ਬਰਤਾਨਵੀ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਯੂਕੇ ਵਿੱਚ ਭਾਰਤੀ ਸਿੱਖ ਭਾਈਚਾਰੇ ਦੇ ਕੌਮਾਂਤਰੀ ਦਮਨ ਅਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਭਾਰਤ ਨਾਲ ਜੁੜੇ ਏਜੰਟਾਂ ਦਾ ਮੁੱਦਾ ਹਾਊਸ ਆਫ ਕਾਮਨਜ਼ 'ਚ ਉਠਾਇਆ ਹੈ। ਜਨਤਕ ਸਿਹਤ ਮੰਤਰੀ ਨੇ ਦਾਅਵਾ ਕੀਤਾ ਕਿ ਕਈ ਬਰਤਾਨਵੀ ਸਿੱਖ ਇੱਕ 'ਹਿੱਟ ਲਿਸਟ' ਉੱਤੇ ਆ ਗਏ ਹਨ ਅਤੇ ਸੁਰੱਖਿਆ ਮੰਤਰੀ ਟੌਮ ਤੁਗੇਂਧਟ ਨੂੰ ਸਵਾਲ ਕੀਤਾ ਕਿ ਬਰਤਾਨੀਆ ਸਰਕਾਰ ਵੱਲੋਂ ਇਸ ਮਾਮਲੇ ਨਾਲ ਨਜਿੱਠਣ ਲਈ ਕਿਹੜੇ ਕਦਮ ਚੁੱਕੇ ਗਏ ਹਨ। ਇਸ ਹਫ਼ਤੇ ਹਾਊਸ ਆਫ਼ ਕਾਮਨਜ਼ 'ਚ ਬੋਲਦਿਆਂ ਗਿੱਲ ਨੇ ਕਿਸੇ ਦਾ ਨਾਮ ਲਏ ਬਿਨਾਂ ਵਿਦੇਸ਼ਾਂ 'ਚ ਸਿੱਖਾਂ ਖ਼ਿਲਾਫ਼ ਕਤਲ ਦੀਆਂ ਕਥਿਤ ਸਾਜ਼ਿਸ਼ਾਂ ਦਾ ਹਵਾਲਾ ਦਿੰਦਿਆਂ "ਬਰਤਾਨਵੀ ਸਿੱਖ ਕਾਰਕੁਨਾਂ" ਲਈ ਚੁੱਕੇ ਸੁਰੱਖਿਆ ਕਦਮਾਂ ਬਾਰੇ ਪੁੱਛਿਆ। ਪ੍ਰੀਤ ਕੌਰ ਗਿੱਲ ਨੇ ਸੋਮਵਾਰ ਨੂੰ ਕਿਹਾ, "ਹਾਲੀਆ ਮਹੀਨਿਆਂ ਦੌਰਾਨ 'ਫਾਈਵ ਆਈਜ਼' ਮੁਲਕਾਂ ਨੇ ਯੂਕੇ ਵਿੱਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਭਾਰਤੀ ਏਜੰਟਾਂ ਦੀ ਕਰਵਾਈ 'ਤੇ ਚਿੰਤਾ ਜਤਾਈ ਹੈ।" ਦੱਸਣਯੋਗ ਹੈ ਕਿ 'ਫਾਈਵ ਆਈਜ਼' ਇੱਕ ਖੁਫ਼ੀਆ ਗੱਠਜੋੜ ਦੀ ਨੁਮਾਇੰਦਗੀ ਕਰਦਾ ਹੈ, ਜਿਸ ਵਿੱਚ ਆਸਟਰੇਲੀਆ, ਕੈਨੇਡਾ, ਨਿਊਜ਼ੀਲੈਂਡ, ਅਮਰੀਕਾ ਤੇ ਯੂਨਾਈਟਿਡ ਕਿੰਗਡਮ ਸ਼ਾਮਲ ਹਨ। ਲੇਬਰ ਪਾਰਟੀ ਦੀ ਸੰਸਦ ਮੈਂਬਰ ਨੇ ਕਿਹਾ, "ਸਭ ਤੋਂ ਵੱਧ ਪ੍ਰੇਸ਼ਾਨ ਕਰਨ ਵਾਲੀ ਗੱਲ ਇਹ ਹੈ ਕਿ ਕਥਿਤ ਕਤਲ ਹੋਏ ਹਨ ਅਤੇ ਕਤਲ ਦੀਆਂ ਸਾਜ਼ਿਸ਼ਾਂ ਨਾਕਾਮ ਕੀਤੀਆਂ ਗਈਆਂ ਹਨ। ਅਮਰੀਕੀ ਤੇ ਕੈਨੇਡਿਆਈ ਅਧਿਕਾਰੀਆਂ ਨੇ ਆਪਣੀ ਪ੍ਰਭੂਸੱਤਾ, ਕਾਨੂੰਨ ਦੇ ਸ਼ਾਸਨ ਅਤੇ ਉਨ੍ਹਾਂ ਜਮਹੂਰੀ ਕਦਰਾਂ ਕੀਮਤਾਂ ਲਈ ਇਸ ਚੁਣੌਤੀ ਨੂੰ ਜਨਤਕ ਤੌਰ 'ਤੇ ਸਾਹਮਣੇ ਲਿਆਉਣ ਦਾ ਅਹਿਦ ਕੀਤਾ ਹੈ।"

## ਸਾਬਕਾ ਮੁੱਖ ਮੰਤਰੀ ਚੰਨੀ ਤੋਂ ਦੋ ਕਰੋੜ ਦੀ ਫਿਰੌਤੀ ਮੰਗੀ

ਰੂਪਨਗਰ-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਗੈਂਗਸਟਰ ਗੋਲਡੀ ਬਰਾੜ ਦੇ ਨਾਮ 'ਤੇ ਵਟਸਐਪ ਰਾਹੀਂ ਧਮਕੀ ਭਰੇ ਸੁਨੇਹੇ ਭੇਜ ਕੇ ਤੇ ਵਟਸਐਪ ਕਾਲ ਰਾਹੀਂ 2 ਕਰੋੜ ਰੁਪਏ ਦੀ ਫਿਰੌਤੀ ਮੰਗੀ ਗਈ ਹੈ। ਇਹ ਖੁਲਾਸਾ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਖੁਦ ਕੀਤਾ ਹੈ। ਸ੍ਰੀ ਚੰਨੀ ਨੇ ਮੀਡੀਆ ਨੂੰ ਦੱਸਿਆ ਕਿ ਲਗਪਗ ਦਸ ਦਿਨ ਪਹਿਲਾਂ ਉਨ੍ਹਾਂ ਨੂੰ ਤੜਕੇ 1.33 'ਤੇ ਵਟਸਐਪ ਰਾਹੀਂ ਕਿਸੇ ਵਿਅਕਤੀ ਦਾ ਸੰਦੇਸ਼ ਆਇਆ ਕਿ ਉਹ ਗੋਲਡੀ ਬਰਾੜ ਗੈਂਗ ਤੋਂ ਹੈ ਅਤੇ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਮਦਦ ਦੀ ਲੋੜ ਹੈ। ਅਗਲੇ ਮੈਸੇਜ ਰਾਹੀਂ ਧਮਕੀ ਦਿੱਤੀ ਗਈ ਕਿ ਜੇ ਸੰਦੇਸ਼ 'ਤੇ ਧਿਆਨ ਨਾ ਦਿੱਤਾ ਗਿਆ ਤਾਂ ਉਨ੍ਹਾਂ ਦਾ ਹਸ਼ਰ ਵੀ ਸਿੱਧੂ ਮੂਸੇਵਾਲਾ ਵਾਂਗ ਹੋਵੇਗਾ। ਇਸ ਉਪਰੰਤ ਸਵੇਰੇ ਸਾਢੇ ਨੌਂ ਵਜੇ ਅਤੇ ਸ਼ਾਮ ਨੂੰ ਲਗਪਗ ਸਾਢੇ ਚਾਰ ਵਜੇ ਉਸੇ ਹੀ ਨੰਬਰ ਤੋਂ ਫੋਨ ਕਾਲਾਂ ਵੀ ਆਈਆਂ ਜੋ ਉਨ੍ਹਾਂ ਨਹੀਂ ਚੁੱਕੀਆਂ। ਇਸ ਉਪਰੰਤ ਵੀ ਗੈਂਗਸਟਰਾਂ ਨੇ ਫੋਨ ਕਰਨੇ ਜਾਰੀ ਰੱਖੇ। ਉਨ੍ਹਾਂ ਦੋਸ਼ ਲਗਾਇਆ ਕਿ ਇਸ ਸਬੰਧੀ ਉਨ੍ਹਾਂ ਵੱਲੋਂ ਡੀਜੀਪੀ ਗੌਰਵ ਯਾਦਵ ਤੇ ਰੂਪਨਗਰ ਰੇਂਜ ਦੇ ਏਡੀਜੀਪੀ ਜਸਕਰਨ ਸਿੰਘ ਨੂੰ ਧਮਕੀਆਂ ਦੇ ਸਕਰੀਨ ਸ਼ਾਟ ਵੀ ਭੇਜੇ ਪਰ ਪੁਲੀਸ ਨੇ ਦਸ ਦਿਨ ਬੀਤਣ ਉਪਰੰਤ ਵੀ ਕੋਈ ਕਾਰਵਾਈ ਨਹੀਂ ਕੀਤੀ।

# ਜੇਕਰ ਸੂਬਿਆਂ ਨੇ ਕਾਰਵਾਈ ਨਾ ਕੀਤੀ ਤਾਂ ਫੈਡਰਲ ਸਰਕਾਰ ਬੰਦ ਕਰੇਗੀ ਬੇਈਮਾਨ ਪੋਸਟ ਸੈਕੰਡਰੀ ਸਿੱਖਿਆ ਸੰਸਥਾਵਾਂ-ਮਿਲਰ

ਓਟਵਾ-ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਚਿਤਾਵਨੀ ਦਿੱਤੀ ਕਿ ਜੇਕਰ ਸੂਬਿਆਂ ਨੇ ਕਾਰਵਾਈ ਨਾ ਕੀਤੀ ਤਾਂ ਓਟਵਾ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਦੀ ਦੁਰਵਰਤੋਂ ਕਰ ਰਹੇ ਬੇਈਮਾਨ (ਸ਼ੈਡੀ) ਸਕੂਲਾਂ ਨੂੰ ਬੰਦ ਕਰਨ ਲਈ ਤਿਆਰ ਹੈ। ਮਿਲਰ ਨੇ ਦੱਸਿਆ ਕਿ ਸਮੁੱਚੇ ਕਾਲਜ ਸੈਕਟਰ ਵਿਚ ਸਮੱਸਿਆਵਾਂ ਹਨ ਪਰ ਕੁਝ ਸਭ ਤੋਂ ਭੈੜੇ ਅਪਰਾਧੀ ਨਿੱਜੀ ਸੰਸਥਾਵਾਂ ਹਨ ਅਤੇ ਇਨ੍ਹਾਂ ਸਕੂਲਾਂ ਨੂੰ ਬੰਦ ਕਰਨ ਦੀ ਲੋੜ ਹੈ। ਹਫ਼ਤਾਵਾਰ ਕੈਬਨਿਟ ਦੀ ਮੀਟੰਗ ਤੋਂ ਪਹਿਲਾਂ ਪਾਰਲੀਮੈਂਟ ਹਿਲ ਵਿਖੇ ਮਿਲਰ ਨੇ ਕਿਹਾ ਕਿ ਇਸ ਨਾਲ ਨਜਿੱਠਣਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਮੇਰਾ ਖਿਆਲ ਹੈ ਕਿ ਕੁਝ ਮਾੜੇ ਐਕਟਰ ਨਿੱਜੀ ਖੇਤਰ ਵਿਚ ਹਨ ਅਤੇ ਉਨ੍ਹਾਂ ਨੂੰ ਬੰਦ ਕਰਨ ਦੀ ਲੋੜ ਹੈ। ਸੂਬੇ ਅੰਤਰਰਾਸ਼ਟਰੀ ਵਿਦਿਆਰਥੀਆਂ ਨਾਲ ਸਬੰਧਤ ਪੋਸਟ ਸੈਕੰਡਰੀ ਸੈਕਟਰ ਵਿਚ ਸਮੱਸਿਆਵਾਂ ਨੂੰ ਹੱਲ ਕਰਨ ਲਈ ਜ਼ਿੰਮੇਵਾਰ ਹਨ ਪਰ ਜੇਕਰ ਉਹ ਕਾਰਵਾਈ ਨਹੀਂ ਕਰਦੇ ਤਾਂ ਓਟਵਾ ਕਾਰਵਾਈ ਕਰੇਗਾ ਭਾਵੇਂ ਕਾਨੂੰਨੀ ਅਧਿਕਾਰ ਖੇਤਰ ਦਾ ਸਵਾਲ ਸਰਕਾਰ ਦੀ ਤਾਕਤ ਨੂੰ ਸੀਮਤ ਕਰਦਾ ਹੈ। ਵਿਦੇਸ਼ੀ ਵਿਦਿਆਰਥੀਆਂ ਦੇ ਜ਼ਿਆਦਾ ਦਾਖਲੇ ਨਾਲ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਦੀ ਜਾਂਚ ਸ਼ੁਰੂ ਕਰਨੀ ਪਈ ਹੈ ਅਤੇ ਇਸ ਗੱਲ ਨੇ ਲਿਬਰਲਜ਼ ਨੂੰ ਅਗਲੇ ਦੋ ਸਾਲ ਲਈ ਨਵੇਂ ਸਟੱਡੀ ਪਰਮਿਟਾਂ 'ਤੇ ਕਟੌਤੀ ਲਾਉਣ ਲਈ ਪ੍ਰੇਰਿਤ ਕੀਤਾ ਹੈ।



ਪਿਛਲੇ ਸਾਲ ਕੈਨੇਡਾ ਵਿਚ 9 ਲੱਖ ਤੋਂ ਵੀ ਵੱਧ ਵਿਦਿਆਰਥੀਆਂ ਨੂੰ ਸਟੱਡੀ ਲਈ ਵੀਜ਼ੇ ਦਿੱਤੇ ਗਏ ਸਨ ਜਿਹੜੇ ਇਕ ਦਹਾਕੇ ਪਹਿਲਾਂ ਨਾਲੋਂ ਤਿੰਨ ਗੁਣਾਂ ਜ਼ਿਆਦਾ ਹਨ। ਆਲੋਚਕਾਂ ਨੇ ਗੈਰਕਾਨੂੰਨੀ ਪੋਸਟ ਸੈਕੰਡਰੀ ਸੰਸਥਾਵਾਂ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਨਾਟਕੀ ਵਾਧੇ 'ਤੇ ਸਵਾਲ ਉਠਾਏ ਸਨ ਅਤੇ ਕੁਝ ਸੰਸਥਾਵਾਂ ਵਲੋਂ ਪ੍ਰੋਗਰਾਮ ਨੂੰ ਪਿਛਲੇ ਦਰਵਾਜੇ ਰਾਹੀਂ ਪੀਆਰ ਲੈਣ ਲਈ ਵਰਤਣ 'ਤੇ ਚਿੰਤਾ ਜ਼ਾਹਿਰ ਕੀਤੀ ਸੀ। ਮਿਲਰ ਨੇ ਦੱਸਿਆ ਕਿ ਇਕ ਸੰਭਾਵੀ ਹੱਲ ਫੈਡਰਲ ਸਰਕਾਰ ਦੀ ਉਨ੍ਹਾਂ ਪੋਸਟ ਸੈਕੰਡਰੀ ਸਿੱਖਿਆ ਸੰਸਥਾਵਾਂ ਨੂੰ ਮਾਨਤਾ ਦੇਣ ਦੀ ਯੋਜਨਾ ਹੈ ਜਿਨ੍ਹਾਂ ਕੋਲ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸੇਵਾਵਾਂ, ਸਹਾਇਤਾ ਤੇ ਉੱਚ ਮਿਆਰ ਹਨ। ਅਸੀਂ ਜਿਹੜਾ ਮਾਨਤਾ ਪ੍ਰਾਪਤ *(ਬਾਕੀ ਸਫ਼ਾ 10 'ਤੇ)*

# ਹਿਮਾਚਲ ਪ੍ਰਦੇਸ਼ ਦੇ ਸਪੀਕਰ ਨੇ ਕਾਂਗਰਸ ਦੇ 6 ਵਿਧਾਇਕਾਂ ਨੂੰ ਅਯੋਗ ਕਰਾਰ ਦਿੱਤਾ

ਸ਼ਿਮਲਾ-ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੇ ਸਪੀਕਰ ਕੁਲਦੀਪ ਸਿੰਘ ਪਠਾਨੀਆ ਨੇ ਸਦਨ ਵਿੱਚ ਵਿੱਤ ਬਿੱਲ 'ਤੇ ਸਰਕਾਰ ਦੇ ਪੱਖ ਵਿੱਚ ਵੋਟ ਪਾਉਣ ਲਈ ਪਾਰਟੀ ਵ੍ਹਿਪ ਦੀ ਉਲੰਘਣਾ ਕਰਨ ਵਾਲੇ ਛੇ ਕਾਂਗਰਸੀ ਵਿਧਾਇਕਾਂ ਨੂੰ ਅਯੋਗ ਕਰਾਰ ਦਿੱਤਾ ਹੈ। ਅਯੋਗ ਠਹਿਰਾਏ ਵਿਧਾਇਕਾਂ ਵਿੱਚ ਰਾਜਿੰਦਰ ਰਾਣਾ, ਸੁਧੀਰ ਸ਼ਰਮਾ, ਇੰਦਰ ਦੱਤ ਲਖਨਪਾਲ, ਦਵਿੰਦਰ ਕੁਮਾਰ ਭੁੱਟੂ, ਰਵੀ ਠਾਕੁਰ ਅਤੇ ਚੇਤਨਿਆ ਸ਼ਰਮਾ ਸ਼ਾਮਲ ਹਨ। ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਪਠਾਨੀਆ, ਜਿਨ੍ਹਾਂ ਨੇ ਬੁੱਧਵਾਰ ਨੂੰ ਵਿਧਾਇਕਾਂ ਦੀ ਅਯੋਗਤਾ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ, ਨੇ ਕਿਹਾ ਕਿ ਵਿਧਾਇਕਾਂ ਨੇ ਪਾਰਟੀ ਦੀਆਂ ਟਿਕਟਾਂ 'ਤੇ ਚੁਣੇ ਜਾਣ ਕਾਰਨ ਕਾਂਗਰਸ ਦੇ ਵ੍ਹਿਪ ਦੀ ਉਲੰਘਣਾ ਕਰਕੇ ਦਲ-ਬਦਲ ਵਿਰੋਧੀ ਕਾਨੂੰਨ ਦੀ ਉਲੰਘਣਾ ਕੀਤੀ ਹੈ।'ਜਿਕਰਯੋਗ ਹੈ ਕਿ 68 ਮੈਂਬਰੀ ਵਿਧਾਨ ਸਭਾ ਵਿਚ ਰਾਜ ਸਭਾ ਦੀ ਇਕਲੌਤੀ ਸੀਟ ਲਈ ਹੋਈ ਚੋਣ ਦੌਰਾਨ ਇਹਨਾਂ ਕਾਂਗਰਸੀ ਵਿਧਾਇਕਾਂ ਨੇ ਕਾਂਗਰਸੀ ਉਮੀਦਵਾਰ ਦੇ ਵਿਰੋਧ ਵਿਚ ਭਾਜਪਾ ਉਮੀਦਵਾਰ ਨੂੰ ਵੋਟ ਪਾਈ ਸੀ।


ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਆਮ ਆਦਮੀ ਪਾਰਟੀ ਦੇ ਸਥਾਨਕ ਆਗੂ ਗੁਰਪ੍ਰੀਤ ਸਿੰਘ ਗੋਪੀ ਚੋਹਲਾ ਦੀ ਗੋਲੀਆਂ ਮਾਰਕੇ ਹੱਤਿਆ

ਸ੍ਰੀ ਗੋਇੰਦਵਾਲ ਸਾਹਿਬ-ਚੋਹਲਾ ਸਾਹਿਬ ( ਨਈਅਰ)- ਗੋਇੰਦਵਾਲ-ਫਤਿਆਬਾਦ ਰੇਲਵੇ ਫਾਟਕ 'ਤੇ ਪਹਿਲੀ ਮਾਰਚ ਨੂੰ ਸਵੇਰੇ 9 ਵਜੇ ਦੇ ਕਰੀਬ ਕਾਰ ਸਵਾਰ ਅਣਪਛਾਤੇ ਹਥਿਆਰਬੰਦ ਵਿਅਕਤੀਆ ਨੇ ਦੂਜੀ ਕਾਰ 'ਚ ਸਵਾਰ ਇਕ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਇਸ ਤੋਂ ਬਾਅਦ ਹਮਲਾਵਰ ਮੌਕੇ ਤੋਂ ਫ਼ਰਾਰ ਹੋ ਗਏ। ਮਾਰਿਆ ਗਿਆ ਨੌਜਵਾਨ ਆਮ ਆਦਮੀ ਪਾਰਟੀ ਦਾ ਸਰਗਰਮ ਆਗੂ ਸੀ ਤੇ ਅੱਜ ਕੱਲ੍ਹ ਹਲਕਾ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨਾਲ ਵਿਚਰ ਰਿਹਾ ਸੀ। ਨੌਜਵਾਨ ਦੀ ਪਛਾਣ ਗੁਰਪ੍ਰੀਤ ਸਿੰਘ ਗੋਪੀ ਚੋਹਲਾ ਪੁੱਤਰ ਸੇਵਾ ਸਿੰਘ ਵਾਸੀ ਚੋਹਲਾ ਸਾਹਿਬ ਵਜੋਂ ਹੋਈ ਹੈ। ਥਾਣਾ ਗੋਇੰਦਵਾਲ ਸਾਹਿਬ ਵੱਲੋਂ ਲਾਸ਼ ਕਬਜ਼ੇ ਵਿੱਚ ਲੈ ਕੇ ਹੱਤਿਆ ਸਬੰਧੀ ਜਾਂਚ ਆਰੰਭ ਕਰ ਦਿੱਤੀ ਗਈ ਹੈ।

# ਸਰਕਾਰ ਪਰਵਾਸੀਆਂ ਦੇ ਜਾਨ-ਮਾਲ ਦੀ ਸੁਰੱਖਿਆ ਲਈ ਵਚਨਬੱਧ-ਧਾਲੀਵਾਲ



ਧੂਰੀ-ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਨਾਲ ਸਬੰਧਤ ਐਨਆਰਆਈਜ਼ ਦੀਆਂ ਸ਼ਿਕਾਇਤਾਂ ਅਤੇ ਮਸਲਿਆਂ ਨੂੰ ਲਗਾਤਾਰ ਹੱਲ ਕਰ ਰਹੀ ਹੈ ਤੇ ਉਨ੍ਹਾਂ ਦੀਆਂ ਜਾਇਦਾਦਾਂ ਤੇ ਜਾਨ-ਮਾਲ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਕੈਬਨਿਟ ਮੰਤਰੀ ਨੇ ਪਿੰਡ ਲੱਡਾ ਵਿੱਚ ਸੂਬੇ ਦੇ ਅੱਠ ਜ਼ਿਲ੍ਹਿਆਂ ਨਾਲ ਸਬੰਧਤ ਐਨਆਰਆਈਜ਼ ਨਾਲ ਵਿਸ਼ੇਸ਼ ਮਿਲਣੀ ਕੀਤੀ। ਸ੍ਰੀ ਧਾਲੀਵਾਲ ਨੇ ਦੱਸਿਆ ਕਿ ਐਨਆਰਆਈ ਮਿਲਣੀ ਵਿੱਚ ਸੰਗਰੂਰ ਦੇ ਨਾਲ-ਨਾਲ ਪਟਿਆਲਾ, ਫ਼ਤਿਹਗੜ੍ਹ ਸਾਹਿਬ, ਬਰਨਾਲਾ, ਮਾਲੇਰਕੋਟਲਾ, ਮਾਨਸਾ, ਲੁਧਿਆਣਾ ਅਤੇ ਬਠਿੰਡਾ ਨਾਲ ਸਬੰਧਤ ਪਰਵਾਸੀ ਪੰਜਾਬੀਆਂ ਦੀਆਂ 89 ਦਰਖਾਸਤਾਂ ਪ੍ਰਾਪਤ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਪ੍ਰਾਪਤ ਹੋਈਆਂ ਦਰਖਾਸਤਾਂ ਵਿੱਚੋਂ ਬਹੁਤ ਸਾਰੀਆਂ ਦਾ ਨਿਬੇੜਾ ਮੌਕੇ 'ਤੇ ਕਰ ਦਿੱਤਾ ਗਿਆ ਹੈ ਅਤੇ ਜਿਹੜੀਆਂ ਦਰਖਾਸਤਾਂ ਲਈ ਜਾਂਚ ਜਾਂ ਰਿਕਾਰਡ ਵਾਚਣ ਦੀ ਲੋੜ ਹੈ ਉਨ੍ਹਾਂ ਦਾ ਹੱਲ ਵੀ 31 ਮਾਰਚ ਤੱਕ ਕਰਵਾਉਣਾ ਯਕੀਨੀ ਬਣਾਇਆ ਜਾਵੇਗਾ।

# ਪ੍ਰਧਾਨ ਮੰਤਰੀ ਟਰੂਡੋ ਨੇ ਕੈਨੇਡਾ ਦੇ ਰੱਖਿਆ ਬਜਟ ਦਾ ਕੀਤਾ ਬਚਾਅ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡਾ ਦੇ ਰੱਖਿਆ ਖਰਚਿਆਂ ਦਾ ਬਚਾਅ ਕੀਤਾ ਹੈ ਜਦਕਿ ਉਨ੍ਹਾਂ ਦੇ ਪੋਲੈਂਡ ਦੇ ਹਮਰੁਤਬਾ ਡੋਨਾਲਡ ਟਸਕ ਨੇ ਬਾਕੀ ਰਹਿੰਦੇ ਪੱਛਮੀ ਦੇਸ਼ਾਂ ਨੂੰ ਵਲਾਦੀਮੀਰ ਪੁਤਿਨ ਵਲੋਂ ਪੈਦਾ ਕੀਤੇ ਅਸਲ ਖ਼ਤਰਿਆਂ ਦਾ ਸਾਹਮਣਾ ਕਰਨ ਦੀ ਅਪੀਲ ਕੀਤੀ ਹੈ। ਟਸਕ ਜਿਹੜਾ ਹੁਣ ਪੋਲੈਂਡ ਦੇ ਪ੍ਰਧਾਨ ਮੰਤਰੀ ਦੇ ਆਪਣੇ ਪੁਰਾਣੇ ਅਹੁਦੇ 'ਤੇ ਵਾਪਸ ਆ ਗਿਆ ਹੈ ਦੇ ਨਾਲ ਸਾਂਝੀ ਪ੍ਰੈਸ ਕਾਨਫਰੰਸ ਵਿਚ ਟਰੂਡੋ ਨੇ ਕਿਹਾ ਕਿ ਅਜੇ ਬਹੁਤ ਕੁਝ ਕਰਨਾ ਬਾਕੀ ਹੈ ਪਰ ਕੈਨੇਡਾ ਕਰ ਰਿਹਾ ਹੈ। ਮੈਂ ਇਸ ਗੱਲ ਨੂੰ ਮੰਨਦਾ ਹੈ ਕਿ ਪੋਲੈਂਡ ਨੇ ਆਪਣੇ ਸੈਨਿਕ ਖਰਚ ਵਿਚ ਮਹੱਤਵਪੂਰਣ ਵਾਧਾ ਕੀਤਾ ਹੈ ਅਤੇ ਕੈਨੇਡਾ ਵੀ ਅਜਿਹਾ ਕਰੇਗਾ। ਅਸੀਂ ਇਹ ਯਕੀਨੀ ਬਣਾਉਣਾ ਜਾਰੀ ਰੱਖਾਂਗੇ ਕਿ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੀਆਂ ਔਰਤਾਂ ਤੇ ਮਰਦ ਅਤੇ ਵਿਸ਼ਵ ਭਰ ਦੇ ਲੋਕਾਂ, ਸਾਡੇ ਭਾਈਵਾਲ ਜਿਹੜੇ ਉਨ੍ਹਾਂ 'ਤੇ ਨਿਰਭਰ ਕਰਦੇ ਹਨ ਨੂੰ ਲੋੜੀਂਦਾ ਸਾਜ਼ੋ-ਸਾਮਾਨ ਅਤੇ ਸਹਾਇਤਾ ਮਿਲਦੀ ਰਹੇਗੀ। ਟਸਕ ਕੈਨੇਡਾ ਦੀ ਸਿੱਧੀ ਆਲੋਚਨਾ ਤੋਂ ਦੂਰ ਰਹੇ ਅਤੇ ਉਨ੍ਹਾਂ ਸਮੁੱਚੇ ਪੱਛਮੀ ਜਗਤ ਅਤੇ ਵਿਸ਼ੇਸ਼ ਰੂਪ ਵਿਚ ਯੂਰਪ ਨੂੰ ਇਹ ਯਕੀਨੀ ਬਣਾਉਣ ਦੀ ਅਪੀਲ ਕੀਤੀ ਕਿ ਰੂਸ ਉੱਪਰ ਫੈਸਲਾਕੁਨ ਜਿੱਤ ਲਈ ਯੂਕਰੇਨ ਕੋਲ ਲੋੜੀਂਦੇ ਸਾਧਨ ਹੋਣ।

# ਕਿਸਾਨ ਅੰਦੋਲਨ ਦੇ ਸ਼ਹੀਦ ਸ਼ੁਭਕਰਨ ਸਿੰਘ ਨੂੰ ਸੇਜਲ ਅੱਖਾਂ ਨਾਲ ਅੰਤਿਮ...


ਸਫ਼ਾ 1 ਦੀ ਬਾਕੀ

ਤੋਂ ਸੁਰਜੀਤ ਸਿੰਘ ਫੂਲ, ਬੀਕੇਯੂ ਡਕੌਂਦਾ ਤੋਂ ਗੁਰਦੀਪ ਸਿੰਘ, ਹਰਦੇਵ ਸਿੰਘ ਅਰਸ਼ੀ, ਬਾਪੂ ਬਲਕੌਰ ਸਿੰਘ, ਅਕਾਲੀ (ਅ) ਦੇ ਪਰਮਿੰਦਰ ਸਿੰਘ, ਸਮਾਜ ਸੇਵੀ ਲੱਖਾ ਸਿਧਾਣਾ, ਰਾਜੂ ਢੱਡੇ ਹਾਜ਼ਰ ਸਨ।

## ਕਿਸਾਨ ਆਗੂ ਕਰਨਗੇ ਅਗਲੀ ਰਣਨੀਤੀ ਦਾ ਐਲਾਨ

ਕਿਸਾਨ ਜਥੇਬੰਦੀਆਂ ਵੱਲੋਂ 29 ਫਰਵਰੀ ਨੂੰ ਅਗਲੀ ਰਣਨੀਤੀ ਦਾ ਐਲਾਨ ਕੀਤਾ ਜਾਣਾ ਸੀ ਪਰ ਸ਼ੁਭਕਰਨ ਸਿੰਘ ਦੇ ਅੰਤਿਮ ਸੰਸਕਾਰ ਦੀ ਰਸਮ ਕਰਕੇ ਕਿਸਾਨ ਆਗੂ ਦਿਨ ਭਰ ਹੀ ਰੁਝੇਵੇਂ 'ਚ ਰਹੇ। ਹੁਣ ਸੰਘਰਸ਼ ਦੀ ਅਗਲੀ ਰਣਨੀਤੀ ਦਾ ਐਲਾਨ ਕਿਸਾਨ ਆਗੂਆਂ ਵੱਲੋਂ ਪਹਿਲੀ ਮਾਰਚ ਨੂੰ ਕੀਤਾ ਜਾਵੇਗਾ। ਇਹ ਜਾਣਕਾਰੀ ਅੱਜ ਦੇਰ ਸ਼ਾਮੀਂ ਕਿਸਾਨ ਮੋਰਚੇ ਦੀ ਅਗਵਾਈ ਕਰ ਰਹੇ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਦਿੱਤੀ ਹੈ। ਉਥੇ ਹੀ ਕੱਲ੍ਹ ਨੂੰ ਪੰਜਾਬ ਸਰਕਾਰ ਦਾ ਬਜਟ ਸੈਸ਼ਨ ਸ਼ੁਰੂ ਹੋਣ ਜਾ ਰਿਹਾ ਹੈ, ਜਿਸ 'ਚ ਕਿਸਾਨਾਂ ਦੇ ਇਸ ਮਾਮਲੇ ਨੂੰ ਲੈ ਕੇ ਭਾਰੀ ਹੰਗਾਮਾ ਹੋਣ ਦੀ ਸੰਭਾਵਨਾ ਹੈ।

# ਸਰੀ ਦਾ ਮਾਣ ਹੈ ਆਈਸ ਹਾਕੀ ਖੇਡ ਰਿਹਾ ਅਰਸ਼ਦੀਪ ਬੈਂਸ




ਵੈਨਕੂਵਰ-ਸਰੀ ਵਾਸੀ ਅਰਸ਼ਦੀਪ ਬੈਂਸ ਜਿਸ ਨੇ ਆਪਣੀ ਪਹਿਲੀਆਂ ਕੁਝ ਖੇਡਾਂ ਵੈਨਕੂਵਰ ਕੈਨਕਸ ਨਾਲ ਖੇਡੀਆਂ ਨੈਸ਼ਨਲ ਹਾਕੀ ਲੀਗ ਵਿਚ ਸਕੇਟਿੰਗ ਕਰਨ ਵਾਲਾ ਪੰਜਾਬੀ ਮੂਲ ਦਾ ਚੌਥਾ ਖਿਡਾਰੀ ਬਣ ਗਿਆ ਹੈ। ਫਾਰਵਾਰਡ ਖੇਡ ਰਹੇ ਬੈਂਸ ਨੇ ਡੇਨਵਰ ਵਿਚ 20 ਫਰਵਰੀ ਨੂੰ ਐਨਐਚਐਲ ਵਿਚ ਆਪਣੀ ਸ਼ੁਰੂਆਤ ਕੀਤੀ ਅਤੇ ਫਿਰ ਬਾਅਦ ਵਿਚ ਦੋ ਰਾਤਾਂ ਸਿਆਟਲ ਵਿਚ ਖੇਡਿਆ ਅਤੇ ਫਿਰ ਸਚਿਨਰਵਾਰ ਦੀ ਰਾਤ ਨੂੰ ਵੈਨਕੂਵਰ ਵਿਚ ਵਿਰੋਧੀ ਟੀਮ ਬੋਸਟਨ ਬਰੂਇਨਸ ਨੂੰ 3-2 ਨਾਲ ਹਰਾਉਣ ਵਿਚ ਕੈਨਕਸ ਦੀ ਮਦਦ ਕੀਤੀ। ਰੋਜਰਸ ਏਰਨਾ ਵਿਖੇ ਪਹਿਲੀ ਵਾਰ ਦਰਜਨਾਂ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਨੇ ਬੈਂਸ ਨੂੰ ਹੋਮ ਆਈਸ 'ਤੇ ਖੇਡਦੇ ਹੋਏ ਦੇਖਿਆ। ਉਂਜ ਬੈਂਸ ਨੇ ਅਜੇ ਤਕ ਐਨਐਚਐਲ ਵਿਚ ਇਕ ਵੀ ਅੰਕ ਹਾਸਲ ਨਹੀਂ ਕੀਤਾ ਪਰ ਉਸ ਨੇ ਹੈੱਡ ਕੋਚ ਰਿਕ ਟੋਚਟੈਂਡ ਦਾ ਵਿਸ਼ਵਾਸ਼ ਜਿੱਤਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਟੋਚਟੈਂਡ ਕਹਿੰਦੇ ਹਨ ਕਿ ਮੈਂ ਬੈਂਸ ਨੂੰ ਬਹੁਤ ਪਸੰਦ ਕਰਦਾ ਹਾਂ।

# ਪ੍ਰਧਾਨ ਮੰਤਰੀ ਟਰੂਡੋ ਵਲੋਂ ਯੂਕਰੇਨ ਨਾਲ ਨਵੇਂ ਸੁਰੱਖਿਆ ਸਮਝੌਤੇ 'ਤੇ ਦਸਤਖ਼ਤ

ਸਫ਼ਾ 1 ਦੀ ਬਾਕੀ

ਯੂਰਪੀਅਨ ਕਮਿਸ਼ਨ ਦੇ ਪ੍ਰਧਾਨ ਉਰਸਾਲਾ ਵੋਨ ਡੇਰ ਲੇਅਨ, ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਅਤੇ ਬੈਲਜੀਅਮ ਦੇ ਪ੍ਰਧਾਨ ਮੰਤਰੀ ਅਲਗਜ਼ੈਂਡਰ ਡੇ ਕਰੂ ਨਾਲ ਨਜ਼ਰ ਆਏ। ਜਦੋਂ ਦੀ ਜੰਗ ਸ਼ੁਰੂ ਹੋਈ ਹੈ ਉਸ ਸਮੇਂ ਤੋਂ ਇਹ ਟਰੂਡੋ ਦਾ ਯੂਕਰੇਨ ਦਾ ਤੀਸਰਾ ਦੌਰਾ ਹੈ। ਉਥੇ ਆਪਣੇ ਇਕ ਸੰਬੋਧਨ ਵਿਚ ਟਰੂਡੋ ਨੇ ਕਿਹਾ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਇਹ ਜੰਗ ਨਹੀਂ ਜਿੱਤ ਸਕਦਾ। ਇਸ ਵਿਚ ਜੇਤੂ ਯੂਕਰੇਨ ਰਹੇਗਾ।

# ਹਰਿਆਣਾ ਪੁਲੀਸ ਵਲੋਂ ਪ੍ਰਦਰਸ਼ਨਕਾਰੀ ਕਿਸਾਨਾਂ ਦੇ ਪਾਸਪੋਰਟ ਤੇ ਵੀਜ਼ੇ ਰੱਦ ਕਰਾਉਣ ਦਾ ਫ਼ੈਸਲਾ

ਚੰਡੀਗੜ੍ਹ-ਹਰਿਆਣਾ ਪੁਲੀਸ ਨੇ ਕਿਸਾਨਾਂ ਦੇ ਦਿੱਲੀ ਚੱਲੋਂ ਅੰਦੋਲਨ ਦੌਰਾਨ ਕਥਿਤ ਹਿੰਸਾ ਵਿੱਚ ਸ਼ਾਮਲ ਪ੍ਰਦਰਸ਼ਨਕਾਰੀਆਂ ਅਤੇ ਪੰਜਾਬ-ਹਰਿਆਣਾ ਸਰਹੱਦ 'ਤੇ ਜਨਤਕ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਦੇ ਪਾਸਪੋਰਟ ਅਤੇ ਵੀਜ਼ੇ ਰੱਦ ਕਰਨ ਦਾ ਫੈਸਲਾ ਕੀਤਾ ਹੈ। ਡੀਐੱਸਪੀ ਅੰਬਾਲਾ ਜੋਗਿੰਦਰ ਸ਼ਰਮਾ ਨੇ ਕਿਹਾ, 'ਅਸੀਂ ਮੰਤਰਾਲੇ ਅਤੇ ਸਫ਼ਾਰਤਖ਼ਾਨੇ ਨੂੰ ਉਨ੍ਹਾਂ ਦੇ ਵੀਜ਼ੇ ਅਤੇ ਪਾਸਪੋਰਟ ਰੱਦ ਕਰਨ ਦੀ ਬੇਨਤੀ ਕਰਾਂਗੇ। ਉਨ੍ਹਾਂ ਦੀ ਫੋਟੋ, ਨਾਮ ਅਤੇ ਪਤਾ ਪਾਸਪੋਰਟ ਦਫਤਰ ਨੂੰ ਦਿੱਤਾ ਜਾਵੇਗਾ। ਅਸੀਂ ਉਨ੍ਹਾਂ ਦੇ ਪਾਸਪੋਰਟ ਰੱਦ ਕਰਨ 'ਤੇ ਕੰਮ ਕਰ ਰਹੇ ਹਾਂ।' ਅਸੀਂ ਕਿਸਾਨਾਂ ਦੇ ਵਿਰੋਧ ਦੇ ਨਾਂ 'ਤੇ ਹਿੰਸਾ 'ਚ ਸ਼ਾਮਲ ਪੰਜਾਬ ਤੋਂ ਹਰਿਆਣਾ 'ਚ ਆਉਣ ਵਾਲਿਆਂ ਦੀ ਪਛਾਣ ਕੀਤੀ ਹੈ। ਅਸੀਂ ਉਨ੍ਹਾਂ ਦੀ ਪਛਾਣ ਸੀਸੀਟੀਵੀ ਕੈਮਰਿਆਂ ਅਤੇ ਡਰੋਨ ਕੈਮਰਿਆਂ ਨਾਲ ਕੀਤੀ ਹੈ।'

# ਅਮਰੀਕਾ ਵਿਚ ਗੁਰਦੁਆਰੇ ਦੇ ਬਾਹਰ ਸਿੱਖ ਰਾਗੀ ਨੂੰ ਗੋਲੀ ਮਾਰੀ

ਸੇਲਮਾ (ਅਮਰੀਕਾ)-ਸ਼ੱਕੀ ਨਫ਼ਰਤ ਅਪਰਾਧ ਵਿੱਚ 29 ਸਾਲਾ ਸਿੱਖ ਰਾਗੀ ਸਿੰਘ ਨੂੰ ਅਮਰੀਕੀ ਦੇ ਸੂਬੇ ਅਲਬਾਮਾ ਦੇ ਸੇਲਮਾ ਵਿੱਚ ਬੀਤੇ ਸ਼ਨਿਚਰਵਾਰ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਦਿੱਤੀ ਗਈ ਸੀ। ਰਾਜ ਸਿੰਘ, ਜਿਸ ਨੂੰ ਗੋਲਡੀ ਵੀ ਕਿਹਾ ਜਾਂਦਾ ਹੈ, ਯੂਪੀ ਦੇ ਬਿਜਨੌਰ ਜ਼ਿਲ੍ਹੇ ਦੇ ਪਿੰਡ ਟਾਂਡਾ ਸਾਹੂਵਾਲਾ ਦਾ ਰਹਿਣ ਵਾਲਾ ਸੀ। ਉਹ ਸਾਲ ਤੋਂ ਵੱਧ ਸਮੇਂ ਤੋਂ ਆਪਣੇ ਕੀਰਤਨੀ ਜਥੇ ਨਾਲ ਅਮਰੀਕਾ ਵਿੱਚ ਸੀ। ਗੋਲਡੀ ਨੂੰ ਅਣਪਛਾਤੇ ਵਿਅਕਤੀਆਂ ਨੇ ਉਸ ਸਮੇਂ ਗੋਲੀ ਮਾਰ ਦਿੱਤੀ ਜਦੋਂ ਉਹ ਗੁਰਦੁਆਰੇ ਦੇ ਬਾਹਰ ਖੜ੍ਹਾ ਸੀ। ਉਸ ਦੇ ਪਰਿਵਾਰ ਨੂੰ ਐਤਵਾਰ ਨੂੰ ਹਾਦਸੇ ਬਾਰੇ ਦੱਸਿਆ ਗਿਆ। ਪਰਿਵਾਰ ਨੇ ਦੱਸਿਆ,'ਸਾਨੂੰ ਰਿਸ਼ਤੇਦਾਰਾਂ ਨੇ ਘਟਨਾ ਬਾਰੇ ਸੂਚਿਤ ਕੀਤਾ ਗਿਆ ਸੀ। ਪੰਜ ਦਿਨ ਹੋ ਗਏ ਹਨ ਅਤੇ ਉਸ ਦਾ ਪੋਸਟਮਾਰਟਮ ਹੋਣਾ ਬਾਕੀ ਹੈ।

# ਜੇਕਰ ਸੂਬਿਆਂ ਨੇ ਕਾਰਵਾਈ ਨਾ ਕੀਤੀ ਤਾਂ ਫੈਡਰਲ ਸਰਕਾਰ ਬੰਦ ਕਰੇਗੀ ਬੇਈਮਾਨ...

ਸਫ਼ਾ 9 ਦੀ ਬਾਕੀ

ਮਾਡਲ ਪੱਤਝੜ ਰੁੱਤ ਵਿਚ ਸ਼ੁਰੂ ਕੀਤਾ ਸੀ ਉਹ ਅਜੇ ਵੀ ਚਰਚਾ ਲਈ ਬਹੁਤ ਢੁਕਵਾਂ ਹੈ ਕਿਉਂਕਿ ਇਸ ਨਾਲ ਹੀ ਅਸੀਂ ਕਮੀਆਂ ਦੂਰ ਕਰਨ ਦੇ ਯੋਗ ਹੋਵਾਂਗੇ। ਮਿਲਰ ਨੇ ਨਿੱਜੀ ਕਾਲਜਾਂ ਬਾਰੇ ਇਹ ਵੀ ਦੱਸਿਆ ਕਿ ਇਨ੍ਹਾਂ ਕਾਲਜਾਂ ਵਿਚ ਪੜ੍ਹਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਵਲੋਂ ਸ਼ਰਨ ਦੇ ਕਲੇਮ ਕਰਨ ਵਿਚ ਵੀ ਵਾਧਾ ਦੇਖਿਆ ਗਿਆ ਹੈ। ਸੇਨੇਕਾ ਕਾਲਜ ਵਿਚ 2022 ਵਿਚ 300 ਵਿਦਿਆਰਥੀਆਂ ਨੇ ਸ਼ਰਨ ਲਈ ਦਾਅਵਾ ਕੀਤਾ ਸੀ ਅਤੇ ਇਹ ਗਿਣਤੀ 2023 ਵਿਚ ਲਗਪਗ 700 ਹੋ ਗਈ। ਇਸੇ ਸਮੇਂ ਦੌਰਾਨ ਕੋਨੇਸਟੋਗਾ ਕਾਲਜ ਦੇ ਕਲੇਮ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਉਪਰੋਕਤ ਸਮੇਂ ਦੌਰਾਨ 106 ਤੋਂ 450 ਹੋ ਗਈ। ਮਿਲਰ ਨੇ ਕਿਹਾ ਕਿ ਇਹ ਵਾਧਾ ਚਿੰਤਾਜਨਕ ਹੈ ਅਤੇ ਪੂਰੀ ਤਰ੍ਹਾਂ ਅਸਵੀਕਾਰਯੋਗ ਹੈ। ਓਨਟਾਰੀਓ ਸਰਕਾਰ ਨੇ ਫੈਡਰਲ ਸਰਕਾਰ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਵਿਚ ਕਟੌਤੀ ਲਗਾਉਣ ਦੇ ਫ਼ੈਸਲੇ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ ਹੈ।




WE HAVE MOVED TO BIGGER & BETTER LOCATION
#208-7110-120TH ST, SURREY
ICBC
NO WIN NO FEE
WE DO HOME & HOSPITAL VISITS
Your Lawyers, Because We Care
Criminal Law
Divorce Cases
Immigration Law
Notary Services
Singh Thind and Associates
BARRISTERS & SOLICITORS
#208 7110 120TH ST, SURREY, BC V3W 3M8
Tel: 604.543.3886
Toll Free 1.866.543.3886
WWW.SINGHTHINDLAW.COM









# ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਨੇ ਨਾਮਵਰ ਸਾਹਿਤਕਾਰ ਗਿਆਨੀ ਗੁਰਦਿੱਤ ਸਿੰਘ ਦਾ ਜਨਮ ਦਿਨ ਮਨਾਇਆ

## ਸ਼ਾਹਮੁਖੀ ਵਿਚ ਪ੍ਰਕਾਸ਼ਿਤ ਪੁਸਤਕ 'ਪੰਜਾਬੀ ਸਾਹਿਤ ਦਾ ਨਿਰਮਾਤਾ' ਰਿਲੀਜ਼ ਕੀਤੀ ਗਈ

ਸਰੀ (ਹਰਦਮ ਮਾਨ)-ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਪੰਜਾਬੀ ਦੇ ਨਾਮਵਰ ਸਾਹਿਤਕਾਰ ਗਿਆਨੀ ਗੁਰਦਿੱਤ ਸਿੰਘ ਦਾ 101ਵਾਂ ਜਨਮ ਦਿਨ ਮਨਾਇਆ ਗਿਆ। ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਚ ਇਕ ਸਮਾਗਮ ਦੌਰਾਨ ਗਿਆਨੀ ਜੀ ਨੂੰ ਯਾਦ ਕਰਦਿਆਂ ਮੁੱਖ ਬੁਲਾਰੇ ਅਤੇ ਨਾਮਵਰ ਸਿੱਖ ਚਿੰਤਕ ਜੈਤੇਗ ਸਿੰਘ ਅਨੰਤ ਨੇ ਕਿਹਾ ਕਿ ਗਿਆਨੀ ਜੀ ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ ਜਿਹਨਾਂ ਨੇ ਸਾਹਿਤ, ਧਰਮ, ਖੋਜ, ਵਿਰਾਸਤ, ਲੋਕ ਸਭਿਆਚਾਰ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਲਾ-ਮਿਸਾਲ ਕਾਰਜ ਕੀਤੇ। ਉਹਨਾਂ ਦੀਆਂ ਲਿਖਤਾਂ ਨੂੰ ਯੂਨੈਸਕੋ ਵੱਲੋਂ ਦੋ ਵਾਰ ਵੱਕਾਰੀ ਅਵਾਰਡ ਪ੍ਰਦਾਨ ਕੀਤੇ ਗਏ। ਉਹ ਪੰਜਾਬ ਦੇ ਸ਼੍ਰੋਮਣੀ ਸਾਹਿਤਕਾਰਾਂ ਵਿੱਚੋਂ ਇੱਕ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਹਨਾਂ ਨੂੰ ਗੁਰਮਤਿ ਅਚਾਰੀਆ ਅਵਾਰਡ ਨਾਲ ਨਿਵਾਜਿਆ। ਦੇਸ਼ ਵਿਦੇਸ਼ ਵਿੱਚ ਉਨ੍ਹਾਂ ਨੂੰ ਬੇਹੱਦ ਮਾਣ ਸਨਮਾਨ ਮਿਲਿਆ। ਉਹ ਪਟਿਆਲੇ ਤੋਂ ਨਿਕਲਦੇ ਰੋਜ਼ਾਨਾ ਅਖ਼ਬਾਰ 'ਪ੍ਰਕਾਸ਼' ਦੇ ਮੋਢੀ ਸੰਪਾਦਕ, ਸਿੰਘ ਸਭਾ ਦੇ ਨਿਰਮਾਤਾ, ਖੋਜੀ ਵਿਦਵਾਨ, ਵਕਤਾ ਤੇ ਪੰਜਾਬੀ ਯੂਨੀਵਰਸਿਟੀ ਦੇ ਨਿਰਮਾਤਾਵਾਂ ਵਿੱਚੋਂ ਇੱਕ ਸਨ। ਉਨ੍ਹਾਂ 'ਮੇਰਾ ਪਿੰਡ' 'ਜਨਮ ਸਾਖੀ' 'ਮੰਦਾਵਨੀ ਤੇ ਹੋਰ ਅਨੇਕਾ ਪੁਸਤਕਾਂ ਨਾਲ ਪੰਜਾਬੀ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ। ਜੈਤੇਗ ਸਿੰਘ ਅਨੰਤ ਨੇ ਗਿਆਨੀ ਗੁਰਦਿੱਤ ਸਿੰਘ ਬਾਰੇ ਬਲਦੇਵ ਸਿੰਘ ਵੱਲੋਂ ਲਿਖੀ ਪੁਸਤਕ 'ਪੰਜਾਬੀ ਸਾਹਿਤ ਦਾ ਨਿਰਮਾਤਾ' ਨੂੰ ਸ਼ਾਹਮੁਖੀ ਲਿਪੀ ਵਿਚ ਪ੍ਰਕਾਸ਼ਿਤ ਕਰਨ ਦੇ ਉਦੇਸ਼ ਬਾਰੇ ਦੱਸਿਆ ਕਿ ਲਹਿੰਦੇ ਪੰਜਾਬ ਵਿਚ 13 ਕਰੋੜ ਲੋਕ ਪੰਜਾਬੀ ਬੋਲਦੇ ਹਨ ਅਤੇ ਇਕੱਲੇ ਲਾਹੌਰ ਸ਼ਹਿਰ ਵਿਚ ਇਕ ਕਰੋੜ ਲੋਕਾਂ ਵੱਲੋਂ ਪੰਜਾਬੀ ਬੋਲੀ ਜਾਂਦੀ ਹੈ। ਇਸ ਪੁਸਤਕ ਰਾਹੀਂ ਲਹਿੰਦੇ ਪੰਜਾਬ ਦੇ ਲੋਕ ਵੀ ਗਿਆਨੀ ਗੁਰਦਿੱਤ ਸਿੰਘ ਦੀ ਮਹਾਨਤਾ ਤੋਂ ਵਾਕਿਫ਼ ਹੋ ਸਕਣਗੇ। ਇਸ ਮੌਕੇ ਸਮੂਹ ਪੰਜਾਬੀਆਂ ਨੂੰ ਗਿਆਨੀ ਗੁਰਦਿੱਤ ਸਿੰਘ ਦੇ 101ਵੇਂ ਜਨਮ ਦਿਨ ਦੀ ਵਧਾਈ ਦਿੰਦਿਆਂ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਪਬਲਿਕ ਰਿਲੇਸ਼ਨ ਸਕੱਤਰ ਸੁਰਿੰਦਰ ਸਿੰਘ ਜੱਬਲ ਨੇ ਕਿਹਾ ਕਿ ਗਿਆਨੀ ਗੁਰਦਿੱਤ ਸਿੰਘ ਜੀ ਨੇ ਇਕ ਕਿਰਤੀ ਪਰਿਵਾਰ ਵਿੱਚੋਂ ਉੱਠ ਕੇ ਬੜਾ ਉੱਚਾ ਰੁਤਬਾ ਹਾਸਲ ਕੀਤਾ। ਸਾਹਿਤਕਾਰ ਅਤੇ ਸੰਪਾਦਕ ਹੋਣ ਦੇ ਨਾਲ ਨਾਲ ਤੱਤਕਾਲੀ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਅਤੇ ਗਿਆਨੀ ਜ਼ੈਲ ਸਿੰਘ ਦੇ ਉਹ ਸਲਾਹਕਾਰ ਵੀ ਰਹੇ। ਰਾਗਮਾਲਾ ਅਤੇ ਪੰਜਵਾਂ ਤਖਤ ਦਮਦਮਾ ਸਾਹਿਬ ਸੰਬੰਧੀ ਵੀ ਉਨ੍ਹਾਂ ਦੀ ਅਹਿਮ ਭੂਮਿਕਾ ਰਹੀ। ਅਉਨ੍ਹਾਂ ਨੂੰ ਯਾਦ ਕਰਨਾ ਆਪਣੀ ਵਿਰਾਸਤ ਨੂੰ ਚੇਤੇ ਕਰਨਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ ਪਿਛਲੇ ਸਾਲ ਉਨ੍ਹਾਂ ਦੇ ਸ਼ਤਾਬਦੀ ਜਨਮ ਦਿਹਾੜੇ 'ਤੇ ਪਾਸ ਕੀਤੇ ਗਏ ਮਤੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਗਿਆਨੀ ਗੁਰਦਿੱਤ ਸਿੰਘ ਦੀ ਫੋਟੋ ਹੁਣ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਹੋਵੇਗੀ। ਇਸ ਮੌਕੇ ਸ਼ਾਹਮੁਖੀ ਵਿਚ ਪ੍ਰਕਾਸ਼ਿਤ ਬਲਦੇਵ ਸਿੰਘ ਦੀ ਪੁਸਤਕ 'ਪੰਜਾਬੀ ਸਾਹਿਤ ਦਾ ਨਿਰਮਾਤਾ' ਰਿਲੀਜ਼ ਕੀਤੀ ਗਈ। ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਜਨਰਲ ਸਕੱਤਰ ਚਰਨਜੀਤ ਸਿੰਘ ਮਰਵਾਹਾ ਨੇ ਅੰਤ ਵਿਚ ਸਭਨਾਂ ਦਾ ਧੰਨਵਾਦ ਕੀਤਾ।

## ਪੰਜਾਬੀ ਸਾਹਿਤ ਦੇ ਦਰਵੇਸ਼ ਵਿਦਵਾਨ ਗਿਆਨੀ ਗੁਰਦਿੱਤ ਸਿੰਘ ਦਾ ਕੌਤਰ ਸੌਵਾਂ ਜਨਮ ਦਿਨ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਡੈਲਟਾ ਵਿਖੇ ਮਨਾਇਆ

ਸਰੀ ( ਧਾਲੀਵਾਲ)-: ਲੋਕ ਵਿਰਸੇ ਅਤੇ ਧਰਮ-ਚਿੰਤਨ ਦਾ ਸੁਮੇਲ ਗਿਆਨੀ ਗੁਰਦਿੱਤ ਸਿੰਘ ਪੰਜਾਬੀ ਸਾਹਿਤ ਦਰਵੇਸ਼ ਵਿਦਵਾਨ ਸਨ। ਉਹ ਬਹੁਪੱਖੀ, ਬਹੁਪਸਾਰੀ, ਬਹੁਰੰਗੀ ਅਤੇ ਬਹੁਮੰਤਵੀ ਸ਼ਖ਼ਸੀਅਤ ਦੇ ਮਾਲਕ ਸਨ। ਉਹ ਗੁਰਮਤਿ ਦੇ ਧਾਰਨੀ, ਸਿੱਖ ਸੋਚ ਦੇ ਮੁੱਦਈ, ਸਿੱਖ ਧਰਮ ਦੇ ਪ੍ਰਤੀਬੱਧ ਅਤੇ ਗੁਰਬਾਣੀ ਦੇ ਖੋਜੀ ਵਿਆਖਿਆਕਾਰ ਸਨ। ਗਿਆਨੀ ਗੁਰਦਿੱਤ ਸਿੰਘ ਦਾ ਕੌਤਰ ਸੌਵਾਂ ਜਨਮ ਦਿਨ ਗੁਰਦੁਆਰਾ ਸਾਹਿਬ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਡੈਲਟਾ ਵਿਖੇ 24 ਫਰਵਰੀ ਨੂੰ ਮਨਾਇਆ ਗਿਆ।







# ਇੰਡੋ ਕੈਨੇਡੀਅਨ ਸੀਨੀਅਰ ਸੈਂਟਰ 'ਚ ਹੋਇਆ ਮਹੀਨਾਵਾਰ ਕਵੀ ਦਰਬਾਰ

ਸਰੀ (ਹਰਦਮ ਮਾਨ)-ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਦਾ ਮਹੀਨਾਵਾਰ ਕਵੀ ਦਰਬਾਰ ਬੀਤੇ ਐਤਵਾਰ ਨੂੰ ਉਪਰਲੇ ਹਾਲ ਵਿੱਚ ਹੋਇਆ। ਸੈਂਟਰ ਦੇ ਪ੍ਰਧਾਨ ਹਰਪਾਲ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਹੋਏ ਇਸ ਕਵੀ ਦਰਬਾਰ ਵਿਚ ਵੱਡੀ ਗਿਣਤੀ ਵਿਚ ਕਵੀਆਂ ਨੇ ਹਿੱਸਾ ਲਿਆ। ਕਵੀ ਦਰਬਾਰ ਵਿਚ ਦਰਸ਼ਨ ਸਿੰਘ ਅਟਵਾਲ, ਗੁਰਮੀਤ ਸਿੰਘ ਕਾਲਕਟ, ਰਣਜੀਤ ਸਿੰਘ ਨਿੱਝਰ, ਹਰਚੰਦ ਸਿੰਘ ਗਿੱਲ, ਅਮਰੀਕ ਸਿੰਘ ਲੇਹਲ, ਗੁਰਚਰਨ ਸਿੰਘ ਬਰਾੜ, ਅਵਤਾਰ ਸਿੰਘ ਬਰਾੜ, ਬਲਬੀਰ ਸਿੰਘ ਸਹੋਤਾ, ਮਨਜੀਤ ਸਿੰਘ ਮੱਲ੍ਹਾ, ਬੇਅੰਤ ਸਿੰਘ ਢਿੱਲੋਂ, ਪਵਿੱਤਰ ਕੌਰ ਬਰਾੜ, ਬਲਬੀਰ ਸਿੰਘ ਸੰਘਾ, ਦਵਿੰਦਰ ਕੌਰ ਜੌਹਲ, ਜਗਦੀਸ਼ ਕੌਰ,ਸ਼ਾਂਤੀ ਥੰਮਨ, ਗੁਰਮੀਤ ਸਿੰਘ ਸੇਖੋਂ ਅਤੇ ਸੁਰਜੀਤ ਸਿੰਘ ਗਿੱਲ ਨੇ ਖ਼ੂਬ ਰੰਗ ਬੰਨ੍ਹਿਆਂ। ਕਵੀ ਦਰਬਾਰ ਦਾ ਸੰਚਾਲਨ ਸੈਂਟਰ ਦੇ ਸਕੱਤਰ ਹਰਚੰਦ ਸਿੰਘ ਗਿੱਲ ਨੇ ਬਾਖ਼ੂਬੀ ਕੀਤਾ। ਅੰਤ ਵਿਚ ਪ੍ਰਧਾਨ ਹਰਪਾਲ ਸਿੰਘ ਬਰਾੜ ਨੇ ਸਾਰੇ ਕਵੀਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਚਾਹ ਪਾਣੀ ਦੀ ਸੇਵਾ ਗੁਰਮੀਤ ਸਿੰਘ ਕਾਲਕਟ ਵੱਲੋਂ ਕੀਤੀ ਗਈ।




# ਭਗਤ ਰਵਿਦਾਸ ਜੀ ਦੇ 647ਵੇਂ ਆਗਮਨ ਪੁਰਬ 'ਤੇ ਗੁਰਦੁਆਰਾ ਕਲਗੀਧਰ ਦਰਬਾਰ ਐਬਟਸਫੋਰਡ ਵਿਖੇ ਸਮਾਗਮ

ਐਬਟਸਫੋਰਡ-ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਮੂਹ ਭਗਤ ਸਾਹਿਬਾਨਾਂ ਦੀ ਆਗਮਨ ਅਤੇ ਪਰਲੋਕ ਗਮਨ ਦਿਹਾੜੇ ਗੁਰੂ ਸਾਹਿਬਾਨਾ ਵਾਂਗ ਹੀ ਗੁਰਦੁਆਰਾ ਸਾਹਿਬਾਨ ਵਿਖੇ ਮਨਾਉਣੇ ਜ਼ਰੂਰੀ ਹਨ। ਇਸ ਸੰਬੰਧ ਵਿੱਚ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਐਬਟਸਫੋਰਡ ਬੀਸੀ ਕੈਨੇਡਾ ਵਿਖੇ ਸਮਾਗਮ ਹੋਇਆ। ਇਸ ਮੌਕੇ ਤੇ ਭਗਤ ਰਵਿਦਾਸ ਜੀ ਦੇ 647ਵੇਂ ਆਗਮਨ ਪੁਰਬ ਨੂੰ ਮਨੂਵਾਦ ਵਿਰੋਧੀ ਫਰੰਟ ਬੀਸੀ ਕੈਨੇਡਾ ਦੇ ਸਹਿਯੋਗ ਨਾਲ ਉਤਸਾਹ ਸਹਿਤ ਮਨਾਇਆ ਗਿਆ। ਇਸ ਮੌਕੇ ਤੇ ਮੌਜੂਦਾ ਭਾਰਤ ਵਿੱਚ ਮਨੂਵਾਦੀ ਤਾਕਤਾਂ ਦੇ ਰਾਜਸੀ ਸੱਤਾ 'ਤੇ ਕਾਬਜ਼ ਹੋਣ ਦੇ ਚਿੰਤਾਜਨਕ ਹਾਲਾਤ ਬਾਰੇ ਡਾ. ਗੁਰਵਿੰਦਰ ਸਿੰਘ, ਸਹਿ ਸੰਸਥਾਪਕ ਮਨੂਵਾਦ ਵਿਰੋਧੀ ਫਰੰਟ ਬੀਸੀ ਕੈਨੇਡਾ ਨੇ ਵਿਚਾਰ ਸਾਂਝੇ ਹੋਏ ਅਤੇ ਭਗਤ ਰਵਿਦਾਸ ਜੀ ਦੀ ਪ੍ਰੇਰਨਾ ਨਾਲ ਅਜਿਹੇ ਮਨੂਵਾਦੀ ਸਿਸਟਮ ਨੂੰ ਖਤਮ ਕਰਨ ਲਈ ਅਹਿਦ ਲੈਣ ਦਾ ਸੱਦਾ ਦਿੱਤਾ। ਸ਼੍ਰੋਮਣੀ ਭਗਤ ਰਵਿਦਾਸ ਜੀ ਮਹਾਰਾਜ ਨੇ ਕਿਰਤੀਆਂ ਦੇ ਹਕ ਵਿਚ ਅਵਾਜ਼ ਬੁਲੰਦ ਕੀਤੀ ਤੇ ਬਿਪਰਨ ਸਿਸਟਮ ਰਦ ਕੀਤਾ। ਉਹਨਾਂ ਨੇ ਅਕਾਲ ਪੁਰਖ ਦੀ ਮੌਜ ਵਿਚ ਕਿਰਤੀਆਂ ਨੂੰ ਤਖਤ ਦੇਣ ਦਾ ਸੰਕਲਪ ਸਿਰਜਿਆ ਹੈ ।



"ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥

ਮਨੂਵਾਦ ਵਿਰੋਧੀ ਫਰੰਟ ਬੀਸੀ ਕੈਨੇਡਾ ਅਤੇ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਕੈਨੇਡਾ ਨੇ ਭਗਤ ਰਵਿਦਾਸ ਜੀ ਦੇ ਆਗਮਨ ਪੁਰਬ ਦੇ ਇਸ ਸਮਾਗਮ ਲਈ, ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦਾ ਧੰਨਵਾਦ ਕੀਤਾ।




mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker





## Discover your life's tempo at PIANO by Concord Pacific.

Located in the heart of Surrey, PIANO is where community, culture, and wellness exist in perfect harmony.

PIANO's two new high-rise towers with 1-, 2-, 3- bedrooms and townhomes keep you on beat. Defined by striking accentuated curves and smooth lines, reminiscent of a grand piano, this development is Surrey City Centre's most modern addition. Utilizing its meticulously-landscaped, free-flowing terraces, PIANO creates inviting green spaces and outdoor amenities with scenic views in every direction. While a multitude of indoor amenity options are carefully curated for all of life's tempos.

COMING SOON
REGISTER NOW TO PREVIEW
ConcordPiano.ca | 604.583.9866

**Burnaby Sales Centre**
4750 Kingsway
Open Daily: 11 am - 5 pm

**Surrey Sales Centre**
9908 King George Blvd
Open Daily: 11 am - 5 pm

CONCORD PACIFIC


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786


THANK YOU FOR MAKING US
2022
Outstanding Achievement
National
TOP 20%
PRIVATE
MORTGAGES
No Worries... We Can Help!
Easily available Private Mortgage could be just what you need.
★ Up to $5 million available
★ $10,000 to $1 million in just 24 Hours
★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers
invis
Canada's Mortgage Experts™
MORTGAGE INTELLIGENCE
Call today to get started
SANJEEV KATYAL
604.767.5194
info@katyalmortgage.ca
WWW.KATYALMORTGAGE.CA




# ਪਿਕਸ ਵੱਲੋਂ ਵੈਨਕੂਵਰ ਵਿਖੇ ਲਾਏ ਜੌਬ ਫੇਅਰ 2024 ਵਿੱਚ 7,000 ਨੌਕਰੀਆਂ ਦੇ ਚਾਹਵਾਨ ਪਹੁੰਚੇ

ਵੈਨਕੂਵਰ (ਹਰਦਮ ਮਾਨ)- ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼ (PICS) ਸੋਸਾਇਟੀ ਵੱਲੋਂ ਵੈਨਕੂਵਰ ਵਿਖੇ ਲਾਇਆ ਗਿਆ 'ਮੈਗਾ ਜੌਬ ਫੇਅਰ 2024' ਹਜਾਰਾਂ ਚਾਹਵਾਨਾਂ ਲਈ ਨੌਕਰੀ ਦੇ ਮੌਕਿਆਂ ਦੀ ਉਮੀਦ ਜਗਾਉਣ ਵਿਚ ਸਫਲ ਰਿਹਾ। ਇਸ ਮੇਲੇ ਵਿਚ ਲਗਭਗ 7,000 ਨੌਕਰੀਆਂ ਦੇ ਚਾਹਵਾਨ ਸ਼ਾਮਲ ਹੋਏ। ਲਗਭਗ 5,000 ਔਨਲਾਈਨ ਰਜਿਸਟ੍ਰੇਸ਼ਨਾਂ ਹੋਈਆਂ ਅਤੇ ਮੌਕੇ ਤੇ ਪਹੁੰਚੇ 2,000 ਤੋਂ ਵਧੇਰੇ ਚਾਹਵਾਨਾਂ ਦੇ ਭਰਵੇਂ ਹੁੰਗਾਰੇ ਸਦਕਾ ਸਵੇਰੇ 10 ਵਜੇ ਤੋਂ ਸ਼ੁਰੂ ਹੋਇਆ ਇਹ ਮੇਲਾ ਬਾਅਦ ਦੁਪਹਿਰ 3 ਵਜੇ ਤੱਕ ਨਵਾਂ ਇਤਿਹਾਸ ਸਿਰਜ ਗਿਆ। ਮੇਲੇ ਵਿਚ ਨਿੱਜੀ ਅਤੇ ਜਨਤਕ ਖੇਤਰ ਦੇ ਰੁਜ਼ਗਾਰਦਾਤਾ, ਸੇਵਾ ਪ੍ਰਦਾਨ ਕਰਨ ਵਾਲੇ ਅਤੇ ਵਿਦਿਅਕ ਸੰਸਥਾਵਾਂ ਦੇ 140 ਤੋਂ ਵੱਧ ਨੁਮਾਇੰਦੇ ਹਾਜ਼ਰ ਸਨ। ਕਿੰਗਸਵੇ ਤੋਂ ਸੰਸਦ ਮੈਂਬਰ ਡੌਨ ਡੇਵਿਸ ਨੇ ਇਸ ਪ੍ਰਬੰਧ ਲਈ ਪਿਕਸ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਪਿਕਸ ਵੱਲੋਂ ਕਾਰੋਬਾਰੀਆਂ ਅਤੇ ਪ੍ਰਤਿਭਾਸ਼ਾਲੀ ਚਾਹਵਾਨਾਂ ਨੂੰ ਆਪਸੀ ਮੇਲਜੋਲ ਦੀ ਸਹੂਲਤ ਪ੍ਰਦਾਨ ਕਰ ਕੇ ਭਾਈਚਾਰੇ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਪਿਕਸ ਸੋਸਾਇਟੀ ਦੇ ਪ੍ਰਧਾਨ ਅਤੇ ਸੀਈਓ ਸਤਬੀਰ ਚੀਮਾ ਨੇ ਦੀ ਇਸ ਨੌਕਰੀ ਮੇਲੇ ਦੀ ਸਫ਼ਲਤਾ ਵਿੱਚ ਯੋਗਦਾਨ ਪਾਉਣ ਲਈ ਬੀਸੀ ਕਰੈਕਸ਼ਨਜ਼, ਆਰਬੀਸੀ, ਬੈਟਰ ਐਟ ਹੋਮ, ਪੀਆਈਸੀਐਸ ਕਰੀਅਰ ਸਰਵਿਸ, ਯੂਨੀਵਰਸਿਟੀ ਆਫ਼ ਕੈਨੇਡਾ ਵੈਸਟ ਅਤੇ ਵੈਸਟਰਨ ਕਮਿਊਨਿਟੀ ਕਾਲਜ ਵਰਗੀਆਂ ਸੰਸਥਾਵਾਂ ਵੱਲੋਂ ਮਿਲੇ ਸਪਾਂਸਰਸ਼ਿਪ ਸਹਿਯੋਗ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਿਕਸ ਮੈਗਾ ਜੌਬ ਫੇਅਰ 2005 ਵਿੱਚ ਸਰੀ ਤੋਂ ਸ਼ੁਰੂ ਹੋਇਆ ਸੀ ਅਤੇ 2018 ਵਿੱਚ ਵੈਨਕੂਵਰ ਵਿੱਚ ਵਿਸਥਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਨੌਕਰੀ ਲੱਭਣ ਵਾਲਿਆਂ ਲਈ ਕਈ ਰੁਜ਼ਗਾਰਦਾਤਾਵਾਂ ਨਾਲ ਜੁੜਨ ਦਾ ਇਹ ਇੱਕ ਸੁਵਿਧਾਜਨਕ ਪਲੇਟਫਾਰਮ ਬਣ ਗਿਆ ਹੈ। ਉਨ੍ਹਾਂ ਦੱਸਿਆ ਕਿ 25 ਜੁਲਾਈ ਨੂੰ ਸਰੀ ਵਿੱਚ ਉੱਤਰੀ ਸਰੀ ਸਪੋਰਟ ਐਂਡ ਆਈਸ ਕੰਪਲੈਕਸ (ਸਕੌਟ ਰੋਡ ਸਕਾਈਟ੍ਰੇਨ ਦੇ ਨੇੜੇ) ਵਿੱਚ ਅਜਿਹਾ ਹੀ ਅਗਲਾ ਮੈਗਾ ਜੌਬ ਮੇਲਾ ਲਾਇਆ ਜਾਵੇਗਾ।





ਬੀ.ਸੀ. ਵਿੱਚ ਕੰਮ ਕਰਨ ਬਾਰੇ ਸਵਾਲ ਹਨ? WorkBC ਮਦਦ ਕਰ ਸਕਦਾ ਹੈ।




ਬੀ.ਸੀ. ਵਿੱਚ ਆਪਣਾ ਕਰੀਅਰ ਸ਼ੁਰੂ ਕਰਨ ਲਈ ਨੌਕਰੀਆਂ, ਸਹਾਇਤਾ, ਹੁਨਰ ਸਿਖਲਾਈ ਅਤੇ ਹੋਰ ਸੁਵਿਧਾਵਾਂ ਲੱਭੋ।

WorkBC.ca/FindAnswers ਜਾਂ ਆਪਣੇ ਨਜ਼ਦੀਕੀ WorkBC ਕੇਂਦਰ 'ਤੇ ਜਾਓ।

Canada | British Columbia | WorkBC

ਇਹ ਪ੍ਰੋਗਰਾਮ ਕੈਨੇਡਾ ਦੀ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਦੇ ਸੂਬੇ ਦੁਆਰਾ ਫੰਡ ਕੀਤਾ ਗਿਆ ਹੈ।

# ਬਜਟ 2024 ਸਰੀ ਸਿਟੀ ਲਈ "ਨਵੀਂ ਬੋਤਲ ਵਿਚ ਪੁਰਾਣੀ ਸ਼ਰਾਬ"

**ਮਨਿੰਦਰ ਸਿੰਘ ਗਿੱਲ**

ਇਸ ਵਾਰ ਦੇ ਸੂਬਾਈ ਬਜਟ ਨੇ ਪ੍ਰੋਵਿੰਸ਼ੀਅਲ ਐਨਡੀਪੀ ਸਰਕਾਰ ਵੱਲੋਂ ਸਿਟੀ ਆਫ਼ ਸਰੀ ਦੀਆਂ ਨਿਰਾਸ਼ਾਵਾਂ ਦੀ ਲੰਮੀ ਸੂਚੀ ਵਿੱਚ ਇੱਕ ਹੋਰ ਵਾਧਾ ਕਰ ਦਿੱਤਾ ਹੈ। ਇਕ ਅੰਦਾਜ਼ੇ ਦੇ ਮੁਤਾਬਿਕ 2029 ਤੱਕ ਸਰੀ ਸ਼ਹਿਰ, 23 ਵਿੱਚ ਆਬਾਦੀ ਪੱਖੋਂ ਸਭ ਤੋਂ ਵੱਡਾ ਸ਼ਹਿਰ ਬਣ ਸਕਦਾ ਹੈ। ਅਜਿਹੀਆਂ ਪਰਿਸਥਿਤੀਆਂ ਵਿਚ ਕੋਈ ਵੀ ਵਿਅਕਤੀ ਇਹੀ ਉਮੀਦ ਕਰੇਗਾ ਕੇ ਸੂਬਾ ਸਰਕਾਰ ਸਰੀ ਦੀਆਂ ਲੋੜਾਂ ' ਅਨੁਸਾਰ ਉਸਦੇ ਅਨੁਪਾਤ ਵਿਚ ਸਰੀ ਵੱਲ ਧਿਆਨ ਦੇਵੇ, ਪਰ ਇਹ ਸੂਬਾਈ ਬਜਟ ਜੋ ਕਿ ਭਵਿੱਖ ਦੇ ਵਿਕਾਸ ਲਈ ਟੋਨ ਸੈੱਟ ਕਰਨ ਦਾ ਸ਼ਾਨਦਾਰ ਮੌਕਾ ਸੀ, ਇੱਕ 'ਵਿਅਰਥ ਮੌਕਾ' ਹੋ ਨਿਬੜਿਆ ਹੈ। 'ਸਰੀ-ਲੈਂਗਲੇ ਸਕਾਈਟ੍ਰੇਨ' ਅਤੇ 'ਕਲੋਵਰਡੇਲ ਹਸਪਤਾਲ' ਵਿੱਚ ਲਗਾਤਾਰ ਪੂੰਜੀ ਨਿਵੇਸ਼ ਦੀ ਵਚਨਬੱਧਤਾ ਤੋਂ ਇਲਾਵਾ ਸੂਬਾਈ ਬਜਟ ਵਿੱਚ ਸਰੀ ਲਈ ਕੁਝ ਵੀ ਮਹੱਤਵਪੂਰਨ ਨਹੀਂ ਹੈ। ਸਰੀ-ਲੈਂਗਲੇ ਸਕਾਈਟ੍ਰੇਨ ਅਤੇ ਕਲੋਵਰਡੇਲ ਹਸਪਤਾਲ ਚੱਲ ਰਹੇ ਉਹ ਪ੍ਰੋਜੈਕਟ ਹਨ ਜੋ ਪਿਛਲੇ ਸਮੇਂ ਵਿੱਚ ਸੂਬਾਈ ਅਤੇ ਮਿਉਂਸਪਲ ਚੋਣਾਂ ਵਿੱਚ 'ਚੁਣਾਵੀ ਮੁੱਦਾ' ਰਹੇ ਹਨ। ਪ੍ਰੋਵਿੰਸ (ਸਰਕਾਰ) ਸਰੀ ਸ਼ਹਿਰ ਵਿੱਚ ਸਿਹਤ ਸੰਭਾਲ ਅਤੇ ਸਕੂਲੀ ਸਿੱਖਿਆ ਦੇ ਖੇਤਰ ਵਿੱਚ ਆ ਚੁੱਕੇ ਵੱਡੇ ਸੰਕਟ ਨੂੰ ਦੂਰ ਕਰਨ ਲਈ ਲੋੜੀਂਦਾ ਨਿਵੇਸ਼ ਪ੍ਰਦਾਨ ਕਰਨ ਵਿੱਚ ਬੁਰੀ ਤਰਾਂ ਅਸਫਲ ਰਿਹਾ ਹੈ। ਐਨਡੀਪੀ ਸਰਕਾਰ ਸਰੀ ਦੇ ਸਕੂਲਾਂ ਵਿੱਚੋਂ ਪੋਰਟੇਬਲ (ਪੋਰਟੇਬਲ ਕਲਾਸਰੂਮ) ਨੂੰ ਪੂਰੀ ਤਰਾਂ ਹਟਾਉਣ ਦੇ ਵਾਅਦੇ ਨਾਲ ਸੱਤਾ ਵਿੱਚ ਆਈ ਸੀ ਪਰ ਇਸਨੇ ਸਰੀ ਮੈਮੋਰੀਅਲ ਹਸਪਤਾਲ ਵਿੱਚ ਹੀ ਪੋਰਟੇਬਲ ਸਥਾਪਤ ਕਰਨੇ ਸ਼ੁਰੂ ਕਰ ਦਿੱਤੇ। ਬਜਟ ਵਿੱਚ ਜਨਤਕ ਆਵਾਜਾਈ ਨੈੱਟਵਰਕ ( ਪਬਲਿਕ ਟ੍ਰਾਂਜ਼ਿਟ) ਨੂੰ ਮਜ਼ਬੂਤ ਕਰਨ ਦੀ ਦੂਰ-ਦ੍ਰਿਸ਼ਟੀ ਦੀ ਵੱਡੀ ਘਾਟ ਹੈ। ਸਰੀ-ਲੈਂਗਲੇ ਸਕਾਈਟਰੇਨ ਪ੍ਰੋਜੈਕਟ ਸਰੀ ਦੀ ਭੀੜ-ਭੜੱਕੇ ਵਾਲੀ ਆਬਾਦੀ ਮੁਤਾਬਿਕ ਜਨਤਕ ਆਵਾਜਾਈ ਦੀਆਂ ਚੁਣੌਤੀਆਂ ਦਾ ਜਵਾਬ ਨਹੀਂ ਹੈ। Uncovered (ਬਿਨਾ ਛੱਤ ਤੋਂ ) ਬੱਸ ਸਟਾਪ ਅਤੇ ਟਰਮੀਨਲ, ਜਨਤਕ ਆਵਾਜਾਈ ਪ੍ਰਤੀ ਸਰਕਾਰੀ ਬੇਰੁਖ਼ੀ ਦੇ ਸਮਾਰਕ ਬਣ ਗਏ ਹਨ। ਸਪੋਰਟਸ ਕੰਪਲੈਕਸ ਅਤੇ ਮਨੋਰੰਜਨ ਕੇਂਦਰਾਂ ਵਰਗੀਆਂ ਜਨਤਕ ਸਹੂਲਤਾਂ ਪੈਦਾ ਕਰਨ ਲਈ ਬਜਟ ਵਿਚ ਕੁਝ ਵੀ ਨਾ ਹੋਣਾ ਅਤੇ ਇਸ ਮਾਮਲੇ ਤੇ ਚੁੱਪੀ ਧਾਰਨਾ ਨਿਰਾਸ਼ਾ ਪੈਦਾ ਕਰਨ ਵਾਲੀ ਸਥਿਤੀ ਹੈ। ਟ੍ਰੈਫਿਕ ਜਾਮ ਨੂੰ ਘਟਾਉਣ ਲਈ ਸੜਕ ਨੈਟਵਰਕ ਵਿੱਚ ਕੋਈ ਨਿਵੇਸ਼ ਨਹੀਂ ਕੀਤਾ ਗਿਆ ਹੈ। ਸਰੀ RCMP ਤੋਂ ਸਰੀ ਪੁਲਿਸ ਵਿਭਾਗ (SPS) ਵਿੱਚ ਤਬਦੀਲੀ ਸਰੀ ਵਿੱਚ ਇੱਕ ਤਿੱਖੀ ਬਹਿਸ ਦਾ ਵਿਸ਼ਾ ਬਣਿਆ ਹੋਇਆ ਹੈ। ਸੂਬੇ ਨੇ ਪੁਲਿਸ ਬੋਰਡ ਨੂੰ ਮੁਅੱਤਲ ਕਰਕੇ ਅਤੇ ਪ੍ਰਸ਼ਾਸਕ (Administrator) ਦੀ ਨਿਯੁਕਤੀ ਕਰਕੇ ਸਰੀ ਪੁਲਿਸ ਦਾ ਹੀ ਪਲੜਾ ਭਾਰ ਕੀਤਾ ਹੈ। ਮੇਅਰ ਬਰੈਂਡਾ ਲੌਕ, ਜੋ ਕਿ ਸਰੀ ਵਿੱਚ ਆਰਸੀਐਮਪੀ ਨੂੰ ਕਾਇਮ ਰੱਖਣ ਲਈ ਆਪਣੇ ਸਟੈਂਡ ਤੇ ਅਡਿੱਗ ਰਹੀ ਹੈ, ਉਸਨੇ ਨੇ ਪੁਲਿਸ ਤਬਦੀਲੀ ਪ੍ਰਕਿਰਿਆ ਦੇ ਅੱਗੇ ਵਧਣ ਦੀ ਸੂਰਤ ਵਿੱਚ ਸਿਟੀ ਦੇ ਟੈਕਸਦਾਤਾਵਾਂ ਲਈ ਵੱਧ ਰਹੀਆਂ ਲਾਗਤਾਂ ਬਾਰੇ ਆਪਣੀਆਂ ਚਿੰਤਾਵਾਂ ਨੂੰ ਹਮੇਸ਼ਾਂ ਜ਼ਾਹਰ ਕੀਤਾ ਹੈ ਅਤੇ ਸਾਂਝਾ ਕੀਤਾ ਹੈ। ਪ੍ਰੋਵਿੰਸ ਨੇ ਸਰੀ ਨੂੰ ਪੇਸ਼ਕਸ਼ ਕੀਤੀ ਸੀ ਕੇ ਜੇਕਰ ਉਹ ਪੁਲਿਸ ਤਬਦੀਲੀ ਨਾਲ ਸਹਿਮਤ ਹੋ ਜਾਂਦਾ ਹੈ ਤਾਂ ਸਿਟੀ ਨੂੰ £150 ਮਿਲੀਅਨ ਡਾਲਰ ਦਿੱਤੇ ਜਾਣਗੇ। ਹਾਲਾਂਕਿ ਇਸ ਮੁੱਦੇ 'ਤੇ ਸਿਟੀ ਅਤੇ ਪ੍ਰੋਵਿੰਸ ਵਿਚਕਾਰ ਕੋਈ ਸਮਝੌਤਾ ਨਹੀਂ ਹੋ ਸਕਿਆ। ਹੁਣ ਸਰੀ ਸਿਟੀ ਨੂੰ ਪੁਲਿਸ ਤਬਾਦਲੇ ਨੂੰ ਜਾਰੀ ਰੱਖਣ ਦਾ ਹੁਕਮ ਦੇਣ ਤੋਂ ਬਾਅਦ, ਸੂਬੇ ਨੂੰ ਬਜਟ ਵਿੱਚ ਸਰੀ ਲਈ ਲੋੜੀਂਦੇ ਫੰਡ (ਵਾਅਦੇ ਮੁਤਾਬਿਕ ਵੀ ) ਮੁਹੱਈਆ ਕਰਵਾਏ ਜਾਣੇ ਚਾਹੀਦੇ ਸਨ। ਹਾਲਾਂਕਿ ਸੂਬੇ ਵੱਲੋਂ ਅਜਿਹਾ ਫਰਮਾਨ ਸੁਣਾਉਣਾ ਅਜਿਹਾ ਕਦਮ ਹੈ ਜਿਸ ਨੂੰ ਬਹੁਤ ਸਾਰੇ ਲੋਕ ਆਪਣੀ ਪਸੰਦ ਦੀ ਪੁਲਿਸ ਰੱਖਣ ਦੇ ਸਿਟੀ ਦੇ ਅਧਿਕਾਰ ' ਦੀ ਉਲੰਘਣਾ ਵਜੋਂ ਦੇਖਦੇ ਹਨ। ਇੰਝ ਜਾਪਦਾ ਹੈ ਕਿ ਪ੍ਰੋਵਿੰਸ ਦੁਆਰਾ ਕੀਤੇ ਗਏ ਇਸ ਬਦਲਾਅ ਨੂੰ ਸੂਬਾਈ ਸਰਕਾਰ ਦਾ ਵਿੱਤੀ ਸਮਰਥਨ ਨਹੀਂ ਹੈ। ਸਵਾਲ ਬਣਦਾ ਹੈ ਕਿ. ਕੀ ਸਰੀ ਦੇ ਲੋਕ ਆਪਣੇ ਪ੍ਰਾਪਰਟੀ ਟੈਕਸ ਵਿਚੋਂ ਇਸ ਤਬਦੀਲੀ ਨੂੰ ਫੰਡ ਦੇਣ ਲਈ ਤਿਆਰ ਹਨ ? ਬਜਟ ਘਾਟੇ (budgetary deficit) ਦੇ ਪਹਿਲੂ ਤੋਂ ਵੇਖਿਆ ਜਾਵੇ ਤਾਂ ਇਹ ਬਜਟ ਕਮਾਲ ਦਾ ਹੈ। ਇਸਦੇ £7.9 ਬਿਲੀਅਨ ਦੇ ਇਤਿਹਾਸਕ ਘਾਟੇ ਵਾਲੇ ਬਜਟ ਦੇ ਨਾਲ, ਵਿੱਤੀ ਸਾਲ 2024-25 ਦੇ ਅੰਤ ਤੱਕ ਸੂਬਾਈ ਕਰਜ਼ਾ ਵੱਧ ਕੇ £123.3 ਬਿਲੀਅਨ ਤੱਕ ਪਹੁੰਚਣ ਦੀ ਉਮੀਦ ਹੈ। ਫੇਰ ਸਵਾਲ ਬਣਦਾ ਹੈ ਕਿ ਭਵਿੱਖ ਵਿੱਚ ਇਸ ਘਾਟੇ ਨੂੰ ਪੂਰਾ ਕਰਨ ਲਈ ਸਰਕਾਰ ਦੀ ਕੀ ਯੋਜਨਾ ਹੈ ? ਇਹ ਬਜਟ ਅਤੇ ਹਾਲਾਤ ਸੰਭਾਵਤ ਤੌਰ 'ਤੇ ਟੈਕਸਾਂ ਵਿਚ ਵਾਧਾ ਕਰਨਗੇ ਅਤੇ ਘੱਟ ਨਿਵੇਸ਼ ਨੂੰ ਪ੍ਰੋਤਸਾਹਨ ਦੇਣਗੇ , ਜਦੋਂ ਕਿ ਨਿਵੇਸ਼ ਨਾਜ਼ੁਕ ਬੁਨਿਆਦੀ ਢਾਂਚੇ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਅਤਿ ਜ਼ਰੂਰੀ ਹੈ। ਸਵਾਲ ਪੁੱਛੇ ਜਾਣੇ ਚਾਹੀਦੇ ਹਨ ਕਿ ਇਹ "ਘਾਟਾ" (deficit) ਕਿੱਥੇ ਖਰਚਿਆ ਗਿਆ ਹੈ ? ਇਹ ਇਕ ਤੱਥ ਹੈ ਕਿ ਜੌਨ ਹੌਰਗਨ ਦੀ ਐਨਡੀਪੀ ਸਰਕਾਰ ਨੇ ਚਾਰ ਸਰਪਲੱਸ ਬਜਟ ਪ੍ਰਦਾਨ ਕੀਤੇ ਸਨ ਅਤੇ ਪੂਰਵਗਾਮੀ ਬੀ ਸੀ ਲਿਬਰਲ ਸਰਕਾਰ ਦੁਆਰਾ ਛੱਡੇ ਗਏ ਸਰਪਲੱਸ ਨੂੰ ਈਬੀ ਦੇ ਯਾਦਗਾਰੀ ਘਾਟਿਆਂ (deficits) ਨੂੰ ਦੇਖਦੇ ਹੋਏ, ਬਖਸ਼ਿਆ ਨਹੀਂ ਜਾ ਸਕਦਾ। ਡੇਵਿਡ ਏਬੀ ਨੇ ਪਰਿਵਾਰਕ ਲਾਭਾਂ (family benefits) ਨੂੰ ਵਧਾ ਕੇ ਅਤੇ ਬੀ ਸੀ ਹਾਈਡਰੋ ਬਿੱਲ ਵਿੱਚ ਇੱਕ ਵਾਰ ਦੀ ਛੋਟ ਦੇ ਕੇ (one time rebate) ਕੁਝ ਰਾਹਤ ਪ੍ਰਦਾਨ ਕੀਤੀ ਹੈ, ਪਰ ਫੇਰ ਵੀ ਇਹ ਬੀ ਸੀ ਵਿੱਚ ਰਹਿਣ-ਸਹਿਣ ਦੀ ਵਧਦੀ ਲਾਗਤ (rising cost of living) ਦੇ ਮੁਕਾਬਲੇ ਬਹੁਤ ਘੱਟ ਹੈ। ਸਰੀ ਦੇ ਲੋਕ ਜੋ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਪੈਦਾ ਹੋਏ ਵੱਡੇ ਸੰਕਟ ਨੂੰ ਖ਼ਤਮ ਕਰਨ ਲਈ ਸੂਬਾਈ ਦਖਲਅੰਦਾਜ਼ੀ ਦੀ ਉਮੀਦ ਕਰ ਰਹੇ ਸਨ, ਓਹਨਾ ਲਈ ਬਜਟ 2024 ਵਿਚ ਕੁਝ ਵੀ ਨਹੀਂ ਹੈ, ਓਹਨਾ ਦੀ ਉਮੀਦ ਸੋਕੇ ਵਿਚ ਬਦਲ ਗਈ ਹੈ। ਸਰੀ ਸ਼ਹਿਰ ਜਿਸ ਨੇ 7 ਐਨਡੀਪੀ ਵਿਧਾਇਕਾਂ ਨੂੰ ਚੁਣਿਆ ਹੈ ਅਤੇ ਕੈਬਨਿਟ ਵਿੱਚ ਇਥੋਂ ਦੇ 4 ਮੰਤਰੀ ਮਾਣ ਨਾਲ ਨੁਮਾਇੰਦਗੀ ਕਰਦੇ ਹਨ, NDP ਤੋਂ ਇਕ ਵਧੀਆ ਰਵਈਏ ਦੀ ਉਮੀਦ ਕਰਦੇ ਹਨ। ਪੁਰਾਣੀ ਸ਼ਰਾਬ ਨੂੰ ਨਵੀਂ ਬੋਤਲ ਵਿੱਚ ਪਾ ਕਿ ਪਰੋਸਣ ਦੀ ਚਾਲ ਦੇ ਸਰੀ ਦੇ ਲੋਕ ਹੱਕਦਾਰ ਨਹੀਂ।




# ROHITA PANNU LAW CORPORATION

**BARRISTER & SOLICITOR**




## SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

**Ph: 604.589.1399**

**Fax : 604.589.1556**

**www.rohitapannulaw.com**

**# 102-9278, 120th Street, Surrey, BC V3V 4W8**


# ਵੇ ਚੱਲ ਉੱਠ ਮੁਸਾਫਰ ਸੁੱਤਿਆ....

**ਬਲਵੀਰ ਕੌਰ ਢਿੱਲੋਂ**

ਵੇ ਚੱਲ ਉੱਠ ਮੁਸਾਫਰ ਸੁੱਤਿਆ,
ਉੱਠ ਆਪਣਾ ਮੂਲ਼ ਪਛਾਣ,
ਆਹ ਵਕਤ ਹੱਥੋਂ ਲੰਘ ਚੱਲਿਆ,
ਲੰਘ ਚੱਲਿਆ ਹੋ ਕੇ ਬੇ ਲਗਾਮ ...!!

ਹਉਮੈ ਮਣਾ ਮੂੰਹੀ ਪਈ ਬੋਲਦੀ,
ਤੈਨੂੰ ਕਾਹਦਾ ਦੱਸ ਗੁਮਾਨ,
ਇਹ ਦੌਲਤਾਂ ਸ਼ੌਹਰਤਾਂ ਤੇਰੀਆਂ,
ਨਹੀਓਂ ਜਾਣੀਆਂ ਤੇਰੇ ਨਾਲ਼,
ਵੇ ਚੱਲ ਉੱਠ ਮੁਸਾਫਰ ਸੁੱਤਿਆ,
ਉੱਠ ਆਪਣਾ ਮੂਲ਼ ਪਛਾਣ ..!

ਤੇਰੀ ਮੈਂ ਦਾ ਝਗੜਾ ਬਣ ਗਿਆ,
ਵੇ ਬਣਿਆ ਦੁੱਖਾਂ ਦਾ ਜੰਜਾਲ਼,
ਧੀਆਂ ਪੁੱਤਾਂ ਦੇ ਮੋਹ ਨੇ ਜਕੜਿਆ,
ਭੁੱਲ ਗਿਓਂ ਸਿਰ ਤੇ ਬੈਠਾ ਕਾਲ਼..!!
ਵੇ ਚੱਲ ਉੱਠ ਮੁਸਾਫਰ ਸੁੱਤਿਆ,
ਉੱਠ ਆਪਣਾ ਮੂਲ਼ ਪਛਾਣ ..!

ਤੈਨੂੰ ਵਹਿਮਾਂ ਭਰਮਾਂ ਖਾ ਲਿਆ,
ਕਿਉਂ ਡੇਰਿਆਂ ਨੇ ਭਰਮਾ ਲਿਆ,
ਤੇਰੀ ਮੱਤ ਨੂੰ ਜਿੰਦਰੇ ਵੱਜ ਗਏ,
ਬੁੱਧੀ ਨੂੰ ਲੱਗਿਆ ਕਿਉਂ ਜੰਗਾਲ਼,
ਵੇ ਚੱਲ ਉੱਠ ਮੁਸਾਫਰ ਸੁੱਤਿਆ,
ਉੱਠ ਆਪਣਾ ਮੂਲ਼ ਪਛਾਣ ..!

ਆ ਬਹਿ ਕੇ ਦੁਖੜੇ ਫੋਲੀਏ,
ਕੋਈ ਦਿਲ ਦੀਆਂ ਪਰਤਾਂ ਖੋਹਲੀਏ,
ਕੋਈ ਕਿਰਨ ਚਾਨਣ ਦੀ ਟੋਲ਼ੀਏ,
ਦੇਈਏ ਜਿੰਦਗੀ ਨੂੰ ਨਵੀਂ ਚਾਲ
ਵੇ ਚੱਲ ਉੱਠ ਮੁਸਾਫਰ ਸੁੱਤਿਆ,
ਉੱਠ ਆਪਣਾ ਮੂਲ਼ ਪਛਾਣ ..!

ਵੇ ਚੱਲ ਉੱਠ ਮੁਸਾਫਰ ਸੁੱਤਿਆ,
ਉੱਠ ਆਪਣਾ ਮੂਲ਼ ਪਛਾਣ,
ਆਹ ਵਕਤ ਹੱਥੋਂ ਲੰਘ ਚੱਲਿਆ,
ਲੰਘ ਚੱਲਿਆ ਹੋ ਕੇ ਬੇ ਲਗਾਮ ...!!



## ਮਹਾਂ-ਸ਼ਿਵਰਾਤਰੀ 'ਤੇ ਵਿਸ਼ੇਸ਼

## ਭਗਤਾਂ ਦੇ ਦੁੱਖ ਹਰਨ ਵਾਲੇ

# ਭਗਵਾਨ ਭੋਲੇ ਨਾਥ

ਜਦ ਤੋਂ ਵੀ ਇਸ ਦੁਨੀਆਂ ਦੀ ਜਾਂ ਸ਼੍ਰਿਸ਼ਟੀ ਦੀ ਉਤਪਤੀ ਹੋਈ ਹੈ, ਇਸ ਸ਼੍ਰਿਸ਼ਟੀ ਨੂੰ ਕੰਟਰੋਲ ਕਰਨ ਲਈ ਤਿੰਨ ਦੈਵੀ ਸ਼ਕਤੀ ਵੀ ਉਤਪੰਨ ਹੋਈਆਂ ਹਨ। ਇਹਨਾਂ ਤਿੰਨਾਂ ਦੈਵੀ ਸ਼ਕਤੀਆਂ ਦਾ ਇਸ ਪੂਰੀ ਸ਼੍ਰਿਸ਼ਟੀ 'ਤੇ ਆਪਣਾ ਪੂਰਾ ਪੂਰਾ ਕੰਟਰੋਲ ਹੈ। ਇਹਨਾਂ ਤਿੰਨਾਂ ਸ਼ਕਤੀਆਂ ਵਿੱਚੋਂ ਇਕ ਸ਼ਕਤੀ ਦੁਨੀਆ ਜਾਂ ਸ਼੍ਰਿਸ਼ਟੀ ਨੂੰ ਬਣਾਉਣ ਵਾਲੀ, ਦੂਜੀ ਦੈਵੀ ਸ਼ਕਤੀ ਦੁਨੀਆ ਨੂੰ ਚਲਾਉਣ ਵਾਲੀ ਤੇ ਤੀਜੀ ਸ਼ਕਤੀ ਦੁਨੀਆ ਨੂੰ ਨਾਸ਼ ਕਰ ਕੇ ਆਪਣੇ ਵਿੱਚ ਵਾਪਸ ਲੀਨ ਕਰਨ ਵਾਲੀ ਹੈ। ਇਹ ਤਿੰਨ ਦੈਵੀ ਸ਼ਕਤੀਆਂ ਹਨ- ਬ੍ਰਹਮਾ ਦੀ, ਜੋ ਦੁਨੀਆ ਦੀ ਉਤਪਤੀ ਕਰਦੇ ਹਨ, ਦੂਜੇ ਵਿਸ਼ਨੂੰ ਜੀ, ਜੋ ਦੁਨੀਆ ਚਲਾ ਰਹੇ ਹਨ ਤੇ ਤੀਜੇ ਮਹੇਸ਼ ਜੀ ਭਾਵ ਭੋਲੇ ਨਾਥ- ਸ਼ਿਵਜੀ ਮਹਾਰਾਜ ਜੀ ਜੋ ਕਿ ਦੁਨੀਆਵੀ ਆਤਮਾਵਾਂ ਦੀ ਮੁਨਿਆਦ ਖ਼ਤਮ ਹੋਣ ਤੋਂ ਬਾਅਦ ਵਿੱਚ ਵਾਪਸ ਆਪਣੇ ਵਿੱਚ ਲੀਨ ਕਰਨ ਦਾ ਕੰਮ ਕਰਦੇ ਹਨ। ਫਿਰ ਕੋਈ ਨਾ ਕੋਈ ਨਵੀਂ ਉਤਪਤੀ ਹੁੰਦੀ ਹੈ, ਉਹ ਆਪਣੇ ਸਮੇਂ ਕਾਲ ਚਲਦੀ ਹੈ ਤੇ ਵਾਪਸ ਪ੍ਰਮਾਤਮਾਂ ਵਿੱਚ ਲੀਨ ਹੋ ਜਾਂਦੀ ਹੈ। ਅੰਗਰੇਜ਼ੀ ਦਾ ਇੱਕ ਸ਼ਬਦ -ਗਾਡ - ਅਰਥਾਤ ਪ੍ਰਭੂ ਜਾਂ ਪ੍ਰਮਾਤਮਾਂ ਤੋਂ ਲਿਆ ਜਾ ਸਕਦਾ ਹੈ। ਇਸ ਵਿਚ ਤਿੰਨ ਅੱਖਰ ਜੀ. ਓ ਤੇ ਡੀ ਆਉਂਦੇ ਹਨ। ਇਹ ਤਿੰਨ ਅੱਖਰ ਮਿਲ ਕੇ ਇੱਕ ਸ਼ਬਦ ਗਾਡ ਬਣਦਾ ਹੈ। ਜਿਸ ਦਾ ਅਰਥ ਪ੍ਰਭੂ ਭਾਵ ਪ੍ਰਮਾਤਮਾਂ ਤੋਂ ਲਿਆ ਜਾ ਸਕਦਾ ਹੈ। ਇਹ ਪਰਮ ਆਤਮਾ ਹੈ। ਭਾਵ ਕਦੇ ਨਾ ਖ਼ਤਮ ਹੋਣ ਵਾਲੀ ਹੈ, ਇਹ ਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ। ਇਸ ਬਾਬਤ ਇਹ ਵੀ ਕਿਹਾ ਗਿਆ ਹੈ-

ਤੂੰ ਦਰਆਉ ਦਾਨਾ ਬੀਨਾ,
ਮੈਂ ਮਛਲੀ ਕੈਸੇ ਅੰਤ ਲਹਾ।

ਭਾਵ ਪ੍ਰਮਾਤਮਾ ਇੱਕ ਵਿਸ਼ਾਲ ਸਮੁੰਦਰ ਵਾੱਗ ਹੈ ਜਿਸ ਦਾ ਕੋਈ ਅੰਤ ਜਾਂ ਪਾਰਾ ਬਾਰਾ ਨਹੀਂ ਹੈ ਤੇ ਮਨੁੱਖੀ ਜੀਵ ਇਸ ਵਿੱਚ ਇੱਕ ਮਛਲੀ ਦੀ ਭਾਂਤੀ ਹੈ ਜੋ ਇਸ ਦਾ ਅੰਤ ਨਹੀਂ ਪਾ ਸਕਦੀ ਹੈ ਕਿ ਇਹ ਕਿੰਨਾ ਵਿਸ਼ਾਲ ਹੈ. ਵੈਸੇ ਤਾਂ ਹਰ ਇੱਕ ਸ਼ਕਤੀ ਦਾ ਇੱਕ ਆਪਣਾ ਮਹੱਤਵ ਹੈ ਪ੍ਰੰਤੂ ਇਸ ਵਿੱਚੋਂ ਜੋ ਇੱਕ ਪ੍ਰਮੁੱਖ ਸ਼ਕਤੀ ਹੈ, ਉਹ ਹੈ ਮਹੇਸ਼ ਜੀ, ਭਾਵ ਸ਼ਿਵ ਭੋਲੇ ਨਾਥ ਜੀ। ਭੋਲੇ ਨਾਥ ਅਰਥਾਤ ਸ਼ਿਵ ਜੀ ਮਹਾਰਾਜ ਜਿਨ੍ਹਾਂ ਨੂੰ ਕਈ ਹੋਰ ਵੀ ਬਹੁਤ ਸਾਰੇ ਨਾਵਾਂ ਨਾਲ ਜਾਣਿਆ ਜਾਂਦਾ ਹੈ, ਨਾਲ ਸਬੰਧਤ ਮਹਾ ਸ਼ਿਵਰਾਤਰੀ ਦਾ ਇੱਕ ਪੁਰਵ ਬੜੀ ਹੀ ਸ਼ਰਧਾ ਪੂਰਵਕ ਤੇ ਜੋਸ਼ੋ-ਖ਼ਰੋਸ਼ ਨਾਲ ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ। ਇਸ ਦਿਨ ਸ਼ਿਵ ਭਗਤਾਂ ਦੀ ਖ਼ੁਸ਼ੀ ਦਾ ਤਾਂ ਕੋਈ ਠਿਕਾਣਾ ਹੀ ਨਹੀਂ ਹੁੰਦਾ। ਇਸ ਮਹਾ ਸ਼ਿਵਰਾਤਰੀ ਦੇ ਉਤਸਵ ਦੀ ਖ਼ੁਸ਼ੀ ਦੇ ਮੌਕੇ 'ਤੇ ਸ਼ਿਵ ਲਿੰਗ ਦੀ ਪੂਜਾ ਕੀਤੀ ਜਾਂਦੀ ਹੈ।। ਫੁੱਲ ਅਤੇ ਫ਼ਲ ਆਦਿ ਦਾ ਚੜ੍ਹਾਵਾ ਚੜਾਇਆ ਜਾਂਦਾ ਹੈ। ਲੋਕ ਰਾਤ ਭਰ ਜਾਗ ਦੇ ਖ਼ੁਸ਼ੀ ਮਨਾਉਂਦੇ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਮਹਾ ਸ਼ਿਵਰਾਤਰੀ ਦਾ ਉਤਸਵ ਉਸ ਰਾਤ ਵੱਲ ਇਸ਼ਾਰਾ ਕਰਦਾ ਹੈ, ਜਦ ਸ਼ਿਵਜੀ ਮਹਾਰਾਜ ਨੇ ਤਾਂਡਵ ਕੀਤਾ ਸੀ। ਇਹ ਵੀ ਮੰਨਿਆ ਗਿਆ ਹੈ ਕਿ ਇਸ ਦਿਨ ਭਗਵਾਨ ਸ਼ਿਵ ਜੀ ਮਹਾਰਾਜ ਜੀ ਦਾ ਵਿਆਹ ਮਾਤਾ ਪਾਰਵਤੀ ਜੀ ਨਾਲ ਹੋਇਆ ਸੀ। ਮਹਾ ਸ਼ਿਵਰਾਤਰੀ ਦਾ ਇਹ ਉਤਸਵ ਹਰ ਸਾਲ ਫਰਵਰੀ ਦੇ ਮਹੀਨੇ ਵਿੱਚ ਮਨਾਇਆ ਜਾਂਦਾ ਹੈ। ਮਹਾ ਸ਼ਿਵਰਾਤਰੀ ਦਾ ਉਤਸਵ ਮਨਾਏ ਜਾਣ ਨਾਲ ਇੱਕ ਪੋਰਾਣਿਕ ਕਥਾ ਵੀ ਜੁੜੀ ਹੈ। ਮੰਨਿਆ ਜਾਂਦਾ ਹੈ ਕਿ ਜਦ ਸਮੁੰਦਰ ਮੰਥਨ ਕੀਤਾ ਗਿਆ ਸੀ ਤਾਂ ਉਸ ਮੰਥਨ ਵਿੱਚੋਂ ਇੱਕ ਜ਼ਹਿਰ ਦਾ ਪਿਆਲਾ ਨਿਕਲਿਆ ਸੀ, ਜਿਸ ਦਾ, ਡਰ ਸੀ ਕਿ ਇਹ ਪੂਰੀ ਦੁਨੀਆ ਨੂੰ ਨਸ਼ਟ ਕਰ ਦੇਵੇਗਾ।। ਸਾਰੇ ਦੇਵੀ ਦੇਵਤਾ ਤੇ ਰਾਖ਼ਸ਼ਸ਼ਾਂ ਨੂੰ ਇਹ ਡਰ ਸਤਾਉਣ ਲੱਗਾ। ਸਾਰੇ ਸ਼ਿਵਜੀ ਮਹਾਰਾਜ ਕੋਲ ਮਦਦ ਵਾਸਤੇ ਗਏ ਤੇ ਸ਼ਿਵਜੀ ਮਹਾਰਾਜ ਜੀ ਨੇ ਉਹ ਸਾਰਾ ਜ਼ਹਿਰ ਪੀ ਲਿਆ ਤੇ ਉਸ ਜ਼ਹਿਰ ਨੂੰ ਆਪਣੇ ਗਲੇ ਵਿੱਚ ਉਤਾਰ ਲਿਆ। ਜਿਸ ਨਾਲ ਉਨ੍ਹਾਂ ਦਾ ਸਾਰਾ ਗਲਾ ਨੀਲਾ ਪੈ ਗਿਆ।। ਜਿਸ ਕਰ ਕੇ ਉਨ੍ਹਾਂ ਦਾ ਨਾਮ ਨੀਲ ਕੰਠ ਵੀ ਪੈ ਗਿਆ ਤੇ ਇਸ ਤਰ੍ਹਾਂ ਕਰਕੇ ਉਨ੍ਹਾਂ ਸਾਰੀ ਦੁਨੀਆ ਨੂੰ ਨਸ਼ਟ ਹੋਣ ਤੋਂ ਬਚਾ ਲਿਆ। ਜਿਸ ਦੀ ਖ਼ੁਸ਼ੀ ਵਿੱਚ ਇਹ ਮਹਾ ਸ਼ਿਵਰਾਤਰੀ ਦਾ ਤਿਉਹਾਰ ਮਨਾਇਆ ਜਾਣ ਲੱਗਾ। ਸ਼ਿਵ ਪੌਰਾਣ ਅਨੁਸਾਰ ਇੱਕ ਹੋਰ ਕਥਾ ਵਿੱਚ ਤਿੰਨ ਸ਼ਕਤੀਆਂ ਵਿੱਚੋਂ ਦੋ ਸ਼ਕਤੀਆਂ (ਬ੍ਰਹਮਾ ਤੇ ਵਿਸ਼ਨੂੰ) ਆਪਸ ਵਿੱਚ ਇਹ ਜਾਣਨ ਲਈ ਲੜ ਪਈਆਂ ਕਿ ਉਨ੍ਹਾਂ ਵਿੱਚੋਂ ਕੌਣ ਬਲਸ਼ਾਲੀ ਹੈ। ਇਹ ਲੜਾਈ ਕਿਤੇ ਜ਼ਿਆਦਾ ਭਿਆਨਕ ਰੂਪ ਨਾ ਧਾਰ ਕਰ ਲਵੇ ਇਸ ਲਈ ਇਨ੍ਹਾਂ ਵਿੱਚੋਂ ਇੱਕ ਨੇ ਸ਼ਿਵਜੀ ਭੋਲੇ ਨਾਥ ਮਹਾਰਾਜ ਜੀ ਤੋਂ ਇਸ ਗੱਲ ਦਾ ਨਿਪਟਾਰਾ ਕਰਨ ਲਈ ਕਿਹਾ। ਭੋਲੇ ਨਾਥ ਜੀ ਨੇ ਉਨ੍ਹਾਂ ਦੀ ਇਸ ਵਿਅਰਥ ਦੀ ਲੜਾਈ ਨੂੰ ਦੂਰ ਕੀਤਾ।। ਇਸ ਕਰਕੇ ਵੀ ਸਿਵਰਾਤਰੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਹਿੰਦੂ ਪਰੰਪਰਾ ਅਨੁਸਾਰ ਸਿਵਜੀ ਮਹਾਰਾਜ ਜੀ ਨੂੰ 108 ਨਾਵਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਜਿਨ੍ਹਾਂ ਵਿੱਚ ਭੋਲੇ ਨਾਥ, ਭੋਲੇ ਭੰਡਾਰੀ, ਗਿਰਜ਼ਾ ਪਤੀ, ਕੈਲਾਸ਼ ਪਤੀ ਜਾਂ ਕੈਲਾਸ਼ ਨਾਥ, ਮਹਾਂਦੇਵ, ਮਹੇਸ਼, ਨਟਰਾਜ, ਰੁਦਰਾ, ਸ਼ੰਭੂ, ਸ਼ੰਕਰ, ਤ੍ਰਿਲੋਕ ਪਤੀ ਆਦਿ ਸ਼ਾਮਿਲ ਹਨ। ਸ਼ਿਵਰਾਤਰੀ ਨਾਲ ਸਬੰਧਿਤ ਬਹੁਤ ਸਾਰੇ ਭਜਨ ਵੀ ਪ੍ਰਚਲਿਤ ਹਨ, ਜੋ ਕਿ ਸ਼ਿਵਰਾਤਰੀ ਉਤਸਵ ਦੇ ਮੌਕੇ 'ਤੇ ਗਾਏ ਤੇ ਸੁਣੇ ਜਾਂਦੇ ਹਨ। ਇਸ ਮਹਾ ਸ਼ਿਵਰਾਤਰੀ ਦੇ ਉਤਸਵ ਦਾ ਹਿੰਦੂਆਂ ਵਿੱਚ ਬਹੁਤ ਮਹੱਤਵ ਹੈ। ਸ਼ਿਵ ਭਗਤ ਇਸ ਦਿਨ ਬਹੁਤ ਖ਼ੁਸ਼ ਹੁੰਦੇ ਹਨ ਤੇ ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੋ ਜੀਵ ਪੁਰਸ਼ ਇਸ ਦਿਨ ਸ਼ਿਵਜੀ ਮਹਾਰਾਜ ਦੀ ਪੂਜਾ ਅਰਾਧਨਾ ਮਨ ਲਗਾ ਕੇ ਕਰਦਾ ਹੈ ਉਨ੍ਹਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਮੁਕਤੀ ਮਿਲ ਜਾਂਦੀ ਹੈ ਤੇ ਉਨ੍ਹਾਂ ਨੂੰ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ। ਇਸ ਮਹਾ ਸ਼ਿਵਰਾਤਰੀ ਦੇ ਮੌਕੇ 'ਤੇ ਸ਼ਿਵ ਭਗਤ ਸ਼ਿਵਜੀ ਮਹਾਰਾਜ ਦੀ ਦਿਨ ਰਾਤ ਪੂਜਾ ਅਰਾਧਨਾ ਕਰਦੇ ਹਨ ਤੇ ਸ਼ਿਵਜੀ ਮਹਾਰਾਜ ਜੀ ਦੇ ਸ਼ਿਵ ਲਿੰਗ ਨੂੰ ਦੁੱਧ, ਸ਼ਹਿਦ ਤੇ ਸਾਫ਼ ਪਾਣੀ ਆਦਿ ਨਾਲ ਇਸ਼ਨਾਨ ਵੀ ਕਰਾਇਆ ਜਾਂਦਾ ਹੈ।

ਉੱਤਰ ਪ੍ਰਦੇਸ਼ ਵਿੱਚ ਸ਼ਿਵਰਾਤਰੀ ਦਾ ਸਭ ਤੋਂ ਵੱਡਾ ਮੇਲਾ ਲੱਗਦਾ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਕਸਬੇ ਕਲਾਨੌਰ ਵਿੱਚ ਵੀ ਸ਼ਿਵਰਾਤਰੀ ਬਹੁਤ ਹੀ ਧੂਮਧਾਮ ਨਾਲ ਮਨਾਈ ਜਾਂਦੀ ਹੈ। ਇਸ ਸਥਾਨ 'ਤੇ ਦੁਨੀਆ ਦਾ ਇਕੋ-ਇਕ ਸ਼ਿਵਲਿੰਗ ਹੈ ਜੋ ਲੇਟੀ ਹੋਈ ਅਵਸਥਾ ਵਿੱਚ ਹੈ ਜਦੋਂ ਕਿ ਸ਼ਿਵਲਿੰਗ ਹਮੇਸ਼ਾ ਹੀ ਖੜੀ ਅਵਸਥਾ ਵਿੱਚ ਹੁੰਦਾ ਹੈ। ਕਲਾਨੌਰ, ਗੁਰਦਾਸਪੁਰ ਡੇਰਾ ਬਾਬਾ ਨਾਨਕ ਸੜ੍ਹਕ 'ਤੇ ਗੁਰਦਾਸਪੁਰ ਤੋਂ 26 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਕਲਾਨੌਰ ਦੇ ਸ਼ਿਵ ਮੰਦਿਰ ਵਿੱਚ ਭਗਵਾਨ ਸ਼ਿਵ ਦੀ ਸਥਾਪਨਾ ਨਹੀ ਕੀਤੀ ਗਈ, ਸਗੋ ਭਗਵਾਨ ਸ਼ਿਵ ਆਪ ਪ੍ਰਗਟ ਹੋਏ ਸਨ। ਇਸ ਸ਼ਿਵ ਮੰਦਿਰ ਦਾ ਨਿਰਮਾਣ ਰਾਜਾ ਅਕਬਰ ਨੇ ਕਰਵਾਇਆ ਸੀ। ਇੱਕ ਵਾਰ ਅਕਬਰ ਦੀਆਂ ਫੌਜਾਂ ਨੇ ਕਲਾਨੌਰ ਵਿੱਚ ਇੱਕ ਸੁਨਸਾਨ ਜਗ੍ਹਾ ਤੇ ਡੇਰਾ ਲਗਾਇਆ ਹੋਇਆ ਸੀ ਤੇ ਆਪਣੇ ਘੋੜੇ ਵੀ ਇੱਥੇ ਖੜ੍ਹੇ ਕੀਤੇ ਹੋਏ ਸਨ। ਜਿਹੜਾ ਵੀ ਘੋੜਾ ਇਸ ਜਗ੍ਹਾ ਦੇ ਉੱਪਰ ਦੀ ਲੰਘਦਾ, ਲੰਗੜਾ ਹੋ ਜਾਂਦਾ। ਜਦੋਂ ਇਸ ਜਗ੍ਹਾ ਨੂੰ 5-7 ਫੁੱਟ ਥੱਲੇ ਤੋਂ ਖੁਦਵਾਇਆ ਗਿਆ ਤਾਂ ਥੱਲਿਉ ਭਗਵਾਨ ਸ਼ਿਵਜੀ ਦਾ ਪੁਰਾਣਾ ਸ਼ਿਵਲਿੰਗ ਨਿਕਲਿਆ। ਇਸ ਤਰ੍ਹਾਂ ਰਾਜਾ ਅਕਬਰ ਦੇ ਹੁਕਮ ਨਾਲ ਇਸ ਮੰਦਿਰ ਦਾ ਨਿਰਮਾਣ ਕੀਤਾ ਗਿਆ।

ਸਿਵਲਿੰਗ ਕਿਵੇ ਪ੍ਰਗਟ ਹੋਇਆ? ਇਸ ਬਾਰੇ ਪ੍ਰਚੱਲਿਤ ਹੈ ਕਿ ਲੰਕਾ ਦੇ ਰਾਜੇ ਰਾਵਣ ਨੇ ਸ਼ਿਵਜੀ ਦੀ ਭਗਤੀ ਕਰਕੇ ਉਹਨਾਂ ਨੂੰ ਪ੍ਰਸੰਨ ਕਰ ਲਿਆ ਤੇ ਉਹਨਾਂ ਨੂੰ ਲੰਕਾ ਵਿੱਚ ਆਉਣ ਲਈ ਕਿਹਾ। ਸ਼ਿਵਜੀ ਨੇ ਕਿਹਾ ਕਿ ਉਹ ਲੰਕਾ ਜਾ ਸਕਦੇ ਹਨ ਜੇਕਰ ਉਹ ਉਹਨਾਂ ਨੂੰ ਨੰਗੇ ਪੈਰੀਂ ਆਪਣੇ ਮੋਢਿਆਂ 'ਤੇ ਚੁੱਕ ਕੇ ਲੈ ਜਾਵੇ। ਜੇ ਰਸਤੇ ਵਿੱਚ ਕਿਸੇ ਜਗ੍ਹਾ ਬਿਠਾਇਆ ਤਾਂ ਉਹ ਉੱਥੇ ਹੀ ਸਥਾਪਿਤ ਹੋ ਜਾਣਗੇ। ਜਦੋ ਰਾਵਣ ਸ਼ਿਵਜੀ ਨੂੰ ਲੈ ਕੇ ਚੱਲਿਆ ਤਾਂ ਜਿੱਥੇ ਮੰਦਿਰ ਬਣਿਆ ਹੈ, ਉੱਥੇ ਸ਼ਿਵਜੀ ਨੇ ਰਾਵਣ ਨੂੰ ਆਪਣੀ ਮਾਇਆ ਨਾਲ ਪ੍ਰੇਰਿਤ ਕੀਤਾ ਤੇ ਇੱਕ ਬ੍ਰਾਹਮਣ ਨੂੰ ਪ੍ਰਗਟ ਕਰ ਦਿੱਤਾ।। ਰਾਵਣ ਨੇ ਉਸ ਬ੍ਰਾਹਮਣ ਨੂੰ ਕਿਹਾ ਕਿ ਤੁਸੀ ਸ਼ਿਵਲਿੰਗ ਨੂੰ ਉਠਾ ਲਉ, ਜਦੋ ਤੱਕ ਮੈ ਵਾਪਿਸ ਨਹੀ ਆ ਜਾਂਦਾ। ਜਦੋ ਰਾਵਣ ਸ਼ਿਵਜੀ ਨੂੰ ਬ੍ਰਾਹਮਣ ਦੇ ਮੋਢਿਆਂ 'ਤੇ ਬਿਠਾ ਕੇ ਚਲਾ ਗਿਆ ਤਾਂ ਸ਼ਿਵਜੀ ਨੇ ਆਪਣੀ ਮਾਇਆ ਨਾਲ ਆਪਣਾ ਭਾਰ ਵਧਾ ਦਿੱਤਾ ਜਿਸ ਕਾਰਨ ਬ੍ਰਾਹਮਣ ਨੇ ਸ਼ਿਵਜੀ ਨੂੰ ਉਸ ਜਗ੍ਹਾ ਬਿਠਾ ਦਿੱਤਾ। ਜਦੋ ਰਾਵਣ ਵਾਪਿਸ ਆਇਆ ਤਾਂ ਉਸਨੇ ਸਿਵਜੀ ਨੂੰ ਉਠਾਉਣਾ ਚਾਹਿਆ ਤਾਂ ਸ਼ਿਵਜੀ ਨੇ ਕਿਹਾ ਕਿ ਸ਼ਰਤ ਦੇ ਅਨੁਸਾਰ ਹੁਣ ਮੈ ਇਸ ਜਗ੍ਹਾ ਹੀ ਰਹਾਂਗਾ ਕਿਉਕਿ ਤੁਸੀ ਮੈਨੂੰ ਜਮੀਨ 'ਤੇ ਬਿਠਾ ਦਿੱਤਾ ਹੈ। ਇਸ ਤਰ੍ਹਾਂ ਉਸ ਜਗ੍ਹਾ ਅੱਜ ਸਿਵਜੀ ਦਾ ਸ਼ਿਵ ਮੰਦਿਰ ਬਣਿਆ ਹੋਇਆ ਹੈ। ਲੋਕਾਂ ਦੀ ਮੰਨਣਾ ਹੈ ਕਿ ਇਕ ਸ਼ਿਵਰਾਤਰੀ ਤੋਂ ਦੂਸਰੀ ਸ਼ਿਵਰਾਤਰੀ ਤੱਕ ਭਗਤਾਂ ਦੀ ਮਨੋਕਾਮਨਾ ਪੂਰੀ ਹੋ ਜਾਂਦੀ ਹੈ। ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇਹ ਮਹਾ ਸ਼ਿਵਰਾਤਰੀ ਦਾ ਉਤਸਵ ਸ਼ਿਵ ਜੀ ਮਹਾਰਾਜ ਦੀ ਪੂਜਾ ਅਰਚਨਾ ਨਾਲ ਸਬੰਧਿਤ ਇੱਕ ਉਤਸਵ ਹੈ। ਸ਼ਿਵ ਭੋਲੇ ਨਾਥ ਜੀ ਨੂੰ ਕਸ਼ਟ ਨਿਵਾਰਕ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਧਾਰਨਾ ਹੈ ਕਿ ਇਸ ਮਹਾਂ-ਸ਼ਿਵਰਾਤਰੀ ਦੇ ਉਤਸਵ ਮੌਕੇ ਜਿਹੜਾ ਵੀ ਭਗਤ ਸੱਚੇ ਦਿਲੋਂ ਸ਼ਿਵ ਮਹਾਰਾਜ ਜੀ ਦੀ ਪੂਜਾ-ਅਰਚਨਾ ਕਰਦਾ ਹੈ। ਉਸਨੂੰ ਉਸਦੇ ਕੀਤੇ ਹੋਏ ਪਾਪਾਂ ਤੋਂ ਮੁਕਤੀ ਮਿਲਦੀ ਹੈ ਤੇ ਉਸਨੂੰ ਮੋਕਸ਼ ਦੀ ਅਵਸਥਾ ਪ੍ਰਾਪਤ ਹੁੰਦੀ ਹੈ।




ਗੁਰਦਾਸਪੁਰ ਜ਼ਿਲ੍ਹੇ ਦੇ ਕਸਬੇ ਕਲਾਨੌਰ ਵਿੱਚ ਵੀ ਸ਼ਿਵਰਾਤਰੀ ਬਹੁਤ ਹੀ ਧੂਮਧਾਮ ਨਾਲ ਮਨਾਈ ਜਾਂਦੀ ਹੈ। ਇਸ ਸਥਾਨ 'ਤੇ ਦੁਨੀਆ ਦਾ ਇਕੋ-ਇਕ ਸ਼ਿਵਲਿੰਗ ਹੈ ਜੋ ਲੇਟੀ ਹੋਈ ਅਵਸਥਾ ਵਿੱਚ ਹੈ ਜਦੋਂ ਕਿ ਸ਼ਿਵਲਿੰਗ ਹਮੇਸ਼ਾ ਹੀ ਖੜੀ ਅਵਸਥਾ ਵਿੱਚ ਹੁੰਦਾ ਹੈ। ਕਲਾਨੌਰ, ਗੁਰਦਾਸਪੁਰ ਡੇਰਾ ਬਾਬਾ ਨਾਨਕ ਸੜ੍ਹਕ 'ਤੇ ਗੁਰਦਾਸਪੁਰ ਤੋਂ 26 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਕਲਾਨੌਰ ਦੇ ਸ਼ਿਵ ਮੰਦਿਰ ਵਿੱਚ ਭਗਵਾਨ ਸ਼ਿਵ ਦੀ ਸਥਾਪਨਾ ਨਹੀ ਕੀਤੀ ਗਈ, ਸਗੋ ਭਗਵਾਨ ਸ਼ਿਵ ਆਪ ਪ੍ਰਗਟ ਹੋਏ ਸਨ। ਇਸ ਸ਼ਿਵ ਮੰਦਿਰ ਦਾ ਨਿਰਮਾਣ ਰਾਜਾ ਅਕਬਰ ਨੇ ਕਰਵਾਇਆ ਸੀ। ਇੱਕ ਵਾਰ ਅਕਬਰ ਦੀਆਂ ਫੌਜਾਂ ਨੇ ਕਲਾਨੌਰ ਵਿੱਚ ਇੱਕ ਸੁਨਸਾਨ ਜਗ੍ਹਾ ਤੇ ਡੇਰਾ ਲਗਾਇਆ ਹੋਇਆ ਸੀ ਤੇ ਆਪਣੇ ਘੋੜੇ ਵੀ ਇੱਥੇ ਖੜ੍ਹੇ ਕੀਤੇ ਹੋਏ ਸਨ। ਜਿਹੜਾ ਵੀ ਘੋੜਾ ਇਸ ਜਗ੍ਹਾ ਦੇ ਉੱਪਰ ਦੀ ਲੰਘਦਾ, ਲੰਗੜਾ ਹੋ ਜਾਂਦਾ। ਜਦੋਂ ਇਸ ਜਗ੍ਹਾ ਨੂੰ 5-7 ਫੁੱਟ ਥੱਲੇ ਤੋਂ ਖੁਦਵਾਇਆ ਗਿਆ ਤਾਂ ਥੱਲਿਉ ਭਗਵਾਨ ਸ਼ਿਵਜੀ ਦਾ ਪੁਰਾਣਾ ਸ਼ਿਵਲਿੰਗ ਨਿਕਲਿਆ। ਇਸ ਤਰ੍ਹਾਂ ਰਾਜਾ ਅਕਬਰ ਦੇ ਹੁਕਮ ਨਾਲ ਇਸ ਮੰਦਿਰ ਦਾ ਨਿਰਮਾਣ ਕੀਤਾ ਗਿਆ।

ਲੜੀਵਾਰ...
ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼


## ਸਭੁ ਦੇਸੁ ਪਰਾਇਆ
(ਸਵੈ-ਜੀਵਨੀ)


# ਮੇਰੀਆਂ ਪ੍ਰਕਾਸ਼ਤ ਹੋਈਆਂ ਕਿਤਾਬਾਂ




ਲੜੀ ਜੋੜਨ ਲਈ ਪਿਛਲਾ ਅੰਕ ਵੇਖੋ


ਮੇਰੇ ਵੱਡੇ ਭਰਾ ਦਾ ਨਾਮ ਬਖਸ਼ੀਸ਼ ਸਿੰਘ ਸੀ। ਜਦੋਂ ਸੰਨ 1955 ਵਿੱਚ ਪੰਜਾਬੀ ਸੂਬੇ ਦਾ ਨਾਹਰਾ ਲਗਾਉਣ ਤੇ ਪਾਬੰਦੀ ਲੱਗੀ ਤਾਂ ਉਹਨਾਂ ਇਸ ਮੋਰਚੇ ਵਿੱਚ ਗ੍ਰਿਫਤਾਰੀ ਦਿੱਤੀ ਤੇ ਚਾਰ ਮਹੀਨੇ ਹੁਸ਼ਿਆਰਪੁਰ





ਦੀ ਜਿਹਲ ਵਿੱਚ ਰਹੇ। ਮੈਂ ਵੀ ਪੰਜਾਬੀ ਸੂਬੇ ਦੇ ਮੋਰਚੇ ਵਿੱਚ ਦੋ ਵਾਰ ਜਿਹਲ ਕੱਟੀ। ਮੇਰੇ ਭਰਾ ਦੇ ਵਿਆਹ ਤੋਂ ਚੌਦਾਂ ਸਾਲ ਬਾਅਦ ਲੜਕਾ ਹੋਇਆ, ਉਸਦਾ ਨਾਮ ਗੁਰਜੀਤ ਸਿੰਘ ਰੱਖਿਆ। ਸਾਡੇ ਘਰ ਵਿੱਚ ਮਸੀਂ ਕਿਤੇ ਖੁਸ਼ੀ ਦਾ ਹੁਲਾਰਾ ਆਇਆ। ਪਰ ਉਹ 9 ਮਹੀਨੇ ਦਾ ਹੋ ਕੇ ਗੁਜ਼ਰ ਗਿਆ। ਉਦੋਂ ਜੋ ਕਹਿਰ ਸਾਡੇ ਤੇ ਟੁੱਟਾ ਬਿਆਨ ਨਹੀਂ ਕੀਤਾ ਜਾ ਸਕਦਾ। ਇਲਾਕਾ ਕਹਿੰਦਾ ਸੀ ਕਿ ਕਰਮ ਸਿੰਘ (ਮੇਰੇ ਪਿਤਾ ਜੀ) ਨਾਲ ਜੱਗੋਂ ਤੇਹਰਵੀਂ ਹੋਈ ਹੈ। ਇਸ ਤਰ੍ਹਾਂ ਹੋਇਆ। ਸਾਡੇ ਕੋਲ ਦੋ ਬਲਦ, ਇੱਕ ਬੜਾ ਹੀ ਖੂਬਸੂਰਤ ਝੋਟਾ ਦੋ ਮਹੀਆਂ ਦੋ ਕੱਟੀਆਂ ਸਨ। ਸੱਤ ਡੰਗਰ ਸੱਤਾਂ ਦਿਨ ਵਿੱਚ ਇੱਕ ਇੱਕ ਕਰਕੇ ਮਰ ਗਏ। ਅਠਵੇਂ ਦਿਨ ਮੇਰਾ ਭਤੀਜਾ ਗੁਰਜੀਤ ਪੂਰਾ ਹੋ ਗਿਆ। ਸੱਥਰ ਵਿਛ ਗਿਆ ਲੋਕ ਅਫਸੋਸ ਕਰਨ ਆਉਣ ਲੱਗੇ। ਉਸੇ ਰਾਤ ਬਾਪੂ ਜੀ ਦੇ ਇੱਕ ਦੋਸਤ ਲੰਬੜਦਾਰ ਸਰਦਾਰਾ ਸਿੰਘ ਨੂੰ ਲਾਦੀਆਂ ਪਿੰਡ ਵਿੱਚ ਉਨ੍ਹਾਂ ਦੇ ਘਰ ਆਕੇ ਕੋਈ ਬੁਰੀ ਤਰ੍ਹਾਂ ਵੱਢ ਗਿਆ। ਆਪਣੇ ਵੱਲੋਂ ਉਹ ਜਾਨੋ ਮਾਰਕੇ ਗਏ ਸਨ। ਪਰ ਉਹ ਬੱਚ ਗਏ। ਚਾਚਾ ਸਰਦਾਰਾ ਸਿੰਘ ਲੰਬੜਦਾਰ ਦੀ ਪਤਨੀ ਕੁਝ ਸਮਾਂ ਪਹਿਲਾਂ ਗੁਜ਼ਰ ਗਈ ਸੀ। ਉਸ ਵੇਲੇ ਪਿਤਾ ਜੀ ਨੇ ਉਨ੍ਹਾਂ ਦੀ ਬਹੁਤ ਮੱਦਦ ਕੀਤੀ। ਫਿਰ ਸਰਦਾਰਾ ਸਿੰਘ ਨੇ ਦੂਸਰਾ ਵਿਆਹ ਕਰਵਾ ਲਿਆ। ਥੋੜ੍ਹੇ ਹੀ ਚਿਰ ਪਿੱਛੋਂ ਉਨ੍ਹਾਂ ਉਤੇ ਹਮਲਾ ਹੋ ਗਿਆ। ਜਦੋਂ ਪੁਲੀਸ ਨੇ ਬਿਆਨ ਲਏ ਪਤਾ ਨਹੀਂ ਕਿਸਦੇ ਚੁੱਕੇ ਚੁਕਾਏ ਉਨ੍ਹਾਂ ਨੇ ਮੇਰੇ ਪਿਤਾ ਜੀ ਦਾ ਨਾਮ ਇਸ ਕੇਸ ਵਿੱਚ ਲਿਖਾ ਦਿੱਤਾ ਕਿ ਕਰਮ ਸਿੰਘ ਦੁਸਾਂਝ ਕਲਾਂ ਤੋਂ ਉਨ੍ਹਾਂ ਕਾਤਲਾਂ ਨੂੰ ਲਾਦੀਏਂ ਲੈ ਕੇ ਆਇਆ। ਮਕਾਣਾਂ ਆ ਰਹੀਆਂ ਸਨ, ਜਦੋਂ ਪਿੰਡ ਦੇ ਇੰਦਣੇ ਵਾਲੇ ਦਰਵਾਜ਼ੇ ਲੋਕ ਬਾਪੂ ਜੀ ਕੋਲ ਅਫਸੋਸ ਕਰ ਰਹੇ ਸਨ ਤਾਂ ਪੁਲੀਸ ਆ ਕੇ ਉਨ੍ਹਾਂ ਨੂੰ ਉਥੋਂ ਪਕੜ ਕੇ ਲੈ ਗਈ। ਪਿੰਡ ਦੇ ਮੁਹਿਤਬਰ ਸਿਆਣਿਆਂ ਨੇ ਬੜਾ ਸਮਝਾਇਆ ਪੁਲਿਸ ਨੂੰ ਕਿ ਜਿਸ ਜੱਟ ਦੀ ਖੁਰਲੀ ਖਾਲੀ ਹੋ ਗਈ ਹੋਵੇ। ਸਾਰੇ ਡੰਗਰ ਮਰ ਗਏ ਹੋਣ ਪੋਤਰਾ ਮਰ ਗਿਆ ਹੋਵੇ ਉਹ ਆਪਣੇ ਹੀ ਦੋਸਤ ਨੂੰ ਮਰਵਾਉਣ ਲਈ ਕਾਤਲਾਂ ਨੂੰ ਪਿੰਡ ਛੱਡਣ ਜਾਵੇਗਾ? ਪਰ ਪੁਲਿਸ ਨੇ ਇੱਕ ਨਾ ਮੰਨੀ। ਮੈਂ ਬਹੁਤ ਛਟੋ ' ਸਾਂ ਪਰ ਇੰਨੀ ਕੁ ਸੋਝੀ ਸੀ ਕਿ ਸਾਡੇ ਲਈ ਉਹ ਸਮਾਂ ਕਿੰਨਾ ਔਖਾ ਸੀ। ਮਗਰੋਂ ਕਾਤਲ ਵੀ ਫੜੇ ਗਏ ਜੋ ਮਾਝੇ ਦੇ ਬੁਟਾਰੀ ਪਿੰਡ ਤੋਂ ਸਨ ਮੁਕੱਦਮਾ ਚੱਲਿਆ। ''ਕੂੜ ਨਿਖੁਟੈ ਨਾਨਕਾ ਓੜਕਿ ਸਚੁ ਰਹੀ'' ਦੇ ਮਹਾਂਵਾਕ ਅਨੁਸਾਰ ਪਿਤਾ ਜੀ ਤੇ ਛੁਟਣੇ ਹੀ ਸਨ ਤੇ ਨਾਲ ਦੇ ਵੀ ਸਭ ਬਰੀ ਹੋ ਗਏ। ਮੈਨੂੰ ਇਸ ਗੱਲ ਦਾ ਕੋਈ ਰੰਜ ਨਹੀਂ। ਕਿਉਂਕਿ ਚਾਚਾ ਸਰਦਾਰਾ ਸਿੰਘ ਦੇ ਬੱਚਿਆਂ ਨੂੰ ਸਾਰੀ ਗੱਲ ਦਾ ਪਤਾ ਸੀ ਤੇ ਸਾਡੇ (ਮੇਰੇ) ਉਨ੍ਹਾਂ ਨਾਲ ਵਧੀਆ ਸੰਬੰਧ ਰਹੇ। ਵੱਡਾ ਗੁਰਮੇਲ ਮੇਰਾ ਜਮਾਤੀ ਸੀ ਛੋਟਾ ਜਸਵੀਰ ਜੋ ਇੰਗਲੈਂਡ ਹੈ, ਜਦੋਂ ਮੈਂ 1978 ਵਿੱਚ ਇੰਗਲੈਂਡ ਗਿਆ ਤਾਂ ਉਹ ਮੈਨੂੰ ਡਰਬੀ ਮਿਲਿਆ, ਮੇਰਾ ਪੂਰਾ ਮਾਣ ਤਾਣ ਕੀਤਾ। ਸਮੇਂ ਦੀ ਕੋਈ ਹਨੇਰੀ ਹੀ ਸੀ ਉਹ। ਆਈ ਤੇ ਚਲੀ ਗਈ। ਮੇਰੇ ਵੱਡੇ ਲੜਕੇ ਸਰਬਜੀਤ ਸਿੰਘ ਦਾ ਜਨਮ 23 ਅਪਰੈਲ 1965 ਦਾ ਹੈ। ਜਦੋਂ ਮੇਰਾ ਵੀਰ ਬਖਸ਼ੀਸ਼ ਸਿੰਘ ਤੇ ਭਾਬੀ ਜੀ ਪ੍ਰੀਤਮ ਕੌਰ (ਦੋਵੇਂ ਚੜ੍ਹਾਈ ਕਰ ਚੁੱਕੇ ਨੇ, ਤੇ ਪਿਤਾ ਜੀ ਵੀ) ਰੁੜਕੇ ਘਿਓ ਲੈ ਕੇ ਮੇਰੇ ਸਹੁਰੀਂ ਗਏ ਤਾਂ ਮੇਰੀ ਸੱਸ ਸੁਰਜੀਤ ਕੌਰ ਜੀ ਨੇ ਸਰਬਜੀਤ ਜੋ ਕੁਝ ਹੀ ਦਿਨਾਂ ਦਾ ਸੀ, ਭਾਬੀ ਦੀ ਝੋਲੀ ਪਾ ਦਿੱਤਾ ਤੇ ਕਿਹਾ ਕੇਵਲ ਸਿੰਘ ਨੂੰ ਵਾਹਿਗੁਰੂ ਹੋਰ ਦੇ ਦੇਵੇਗਾ। ਸਰਬਜੀਤ ਸਿੰਘ ਨੇ ਨਿਰਾ, ਉਨ੍ਹਾਂ ਨੂੰ ਮਾਂ ਬਾਪ ਹੀ ਨਹੀਂ ਸਮਝਿਆ, ਉਨ੍ਹਾਂ ਦੀ ਸੇਵਾ ਵੀ ਬੜੀ ਕੀਤੀ ਤੇ ਉਸਦਾ ਪੁੱਤਰ ਅਖਵਾਣ ਵਿੱਚ ਮਾਣ ਸਮਝਿਆ। ਜਦੋਂ ਇਸਦਾ ਵਿਆਹ ਹੋਇਆ ਤਾਂ ਮਿਲਣੀ ਮੈਂ ਤੇ ਮੇਰੇ ਸਾਲੇ ਪਵਿੱਤਰ ਸਿੰਘ ਨੇ ਨਹੀਂ ਕੀਤੀ। ਸਗੋਂ ਕੁੜਮ ਦੀ ਮਿਲਣੀ ਭਾਜੀ ਬਖ਼ਸ਼ੀਸ਼ ਸਿੰਘ ਨੇ ਤੇ ਮਾਮੇ ਦੀ ਮਿਲਣੀ ਬੰਗਿਆਂ ਵਾਲੇ ਭਾਬੀ ਦੇ ਭਰਾ ਪਾਲ ਸਿੰਘ ਮਾਨ ਨੇ ਕੀਤੀ। ਮੈਨੂੰ ਇਸ ਗੱਲ ਦੀ ਅਤਿਅੰਤ ਖੁਸ਼ੀ ਹੈ ਕਿ ਰਿਸ਼ਤਾ ਦਿਨੋਂ ਦਿਨ ਹੋਰ ਗੂੜ੍ਹਾ ਹੁੰਦਾ ਜਾ ਰਿਹਾ ਹੈ।




### ਇੱਕ ਬਹੁਤ ਖਾਸ ਗੱਲ ਯਾਦ ਆਈ

ਗੱਲ ਸ਼ਾਇਦ 1977 ਈ: ਦੀ ਹੈ। ਉਦੋਂ ਮੈਂ ਪਜੰ ਾਬ ਰਜਮੈਂਟ ਸੈਂਟਰ ਰਾਮਗੜ੍ਹ ਹੀ ਸਾਂ। ਇੱਕ ਛੌ (ਨਾਮ ਕਮਿੰਸ਼ਨਡ ਆਫੀਸਰ) ਦੀ ਘਰ ਵਾਲੀ ਮੇਰੀ ਜੀਵਨ ਸਾਥਣ ਨੂੰ ਕਹਿਣ ਲੱਗੀ, ''ਭੈਣ ਜੀ .... ਸਿੰਘ ਦੀ ਔਰਤ ਗੁਰਦੁਆਰੇ ਉਦੋਂ ਜਾਦੀ ਹੈ, ਜਦੋਂ ਗਿਆਨੀ ਜੀ ਉਥੇ ਹੋਣ। ਉਹਨਾਂ ਦੇ ਮਗਰ ਮਗਰ ਮੰਡਲਾਂਦੀ ਫਿਰਦੀ ਰਹਿੰਦੀ ਹੈ। ਜਦੋਂ ਗਿਆਨੀ ਜੀ ਛੁਟੱ ੀ ਤੇ ਹੁੰਦੇ ਹਨ ਤਾਂ ਦੋ ਦੋ ਮਹੀਨੇ ਗੁਰਦੁਆਰੇ ਨਹੀਂ ਵੜਦੀ। ਮੈਂ ਤੁਹਾਨੂੰ ਆਪਣੀ ਵੱਡੀ ਭੈਣ ਕਰਕੇ ਇਹ ਗੱਲ ਦੱਸੀ ਹੈ।'' ਇਸਦਾ ਜੁਆਬ ਜੋ ਮੇਰੀ ਜੀਵਨ ਸਾਥਣ ਨੇ ਦਿੱਤਾ, ਉਹ ਵੀ ਉਸ ਔਰਤ ਨੇ ਮੈਨੂੰ ਦੱਸਿਆ ਮੇਰੀ ਸਿੰਘਣੀ ਨੇ ਮੈਨੂੰ ਕਦੇ ਨਹੀਂ ਦੱਸਿਆ। ਉਹ ਕਹਿਣ ਲੱਗੀ, ''ਗਿਆਨੀ ਜੀ! ਦੁਨੀਆਂ ਵਿੱਚ ਤੁਹਾਡੀ ਵਾਈਫ ਵਰਗੀ ਕੋਈ ਔਰਤ ਨਹੀਂ ਹੋ ਸਕਦੀ। ਮੈਂ ਕਿਹਾ ਕਿਉਂ? ਕੀ ਗੱਲ ਹੋਈ? ਤਾਂ ਵਿਸਥਾਰ ਨਾਲ ਸਾਰੀ ਗੱਲ ਦੱਸ ਕੇ ਕਹਿਣ ਲੱਗੀ ਤੁਹਾਡੀ ਵਾਈਫ ਨੇ ਮੇਰਾ ਮੂੰਹ ਬੰਦ ਕਰਕੇ ਰੱਖ ਦਿੱਤਾ। ਮੈਂ ਉਸ..... ਦੀ ਗੱਲ ਕੀਤੀ ਜੋ ਅੱਜ ਕੱਲ੍ਹ ਤੁਹਾਡੇ ਨਾਲ ਬਾਹਲਾ ਹੀ ਹਿੱਤ ਜਗਾਉਂਦੀ ਹੈ। ਮੈਂ ਤਾਂ ਸੋਚਿਆ ਸੀ ਕਿ ਉਹ ਭੜਕੇਗੀ ਕਿਉਂਕਿ ਕੋਈ ਵੀ ਜ਼ਨਾਨੀ ਕਦੇ ਵੀ ਨਹੀਂ ਚਾਹੁੰਦੀ ਕਿ ਕੋਈ ਹੋਰ ਦੂਸਰੀ ਔਰਤ ਉਸਦੇ ਪਤੀ ਦੇ ਨੇੜੇ ਆਵੇ। ਉਹ ਮੈਨੂੰ ਕਹਿਣ ਲੱਗੀ ''ਫਿਰ ਤਾਂ ਭੈਣ ਜੀ ਮੈਂ ਬਹੁਤ ਹੀ ਕਿਸਮਤ ਵਾਲੀ ਹਾਂ। ਜਿਸ ਸੋਹਣੀ ਔਰਤ ਪਿੱਛੇ ਅਫ਼ਸਰ ਲਾਲ਼ਾਂ ਸਿਟਦੇ ਫਿਰਦੇ ਨੇ, ਉਹ ਮੇਰੇ ਆਦਮੀ ਦੇ ਮਗਰ ਲੱਗੀ ਫਿਰਦੀ ਹੈ। ਫਿਰ ਤਾਂ ਜ਼ਰੂਰ ਮੇਰੇ ਘਰ ਵਾਲੇ ਵਿੱਚੋਂ ਕੋਈ ਖਾਸ ਗੁਣ ਹੈ। ਭੈਣ ਜੀ ਤੁਹਾਡਾ ਸ਼ੁਕਰੀਆਂ ਮੈਨੂੰ ਆਪਣੇ ਘਰ ਵਾਲੇ ਤੇ ਪੂਰਾ ਵਿਸ਼ਵਾਸ ਹੈ।'' ਤੁਸੀਂ ਦੱਸੋਂ ਕੋਈ ਐਸੀ ਪਤਨੀ ਨਾਲ ਬੇ-ਵਫ਼ਾਈ ਕਰ ਸਕਦਾ ਹੈ? ਇਸ ਘਟਨਾਂ ਤੋਂ ਬਾਅਦ ਮੈਂ ਆਪਣੀ ਜੀਵਨ ਸਾਥਣ (ਸਵਰਗੀ) ਕਮਲਜੀਤ ਤੋਂ ਸਦਕੇ ਹੋਣ ਲਗ ਪਿਆ।



### ਵਿਸ਼ਵਾਸ ਨੂੰ ਵਿਸ਼ਵਾਸ

ਸੰਨ 1977 ਕੁ ਦਾ ਜ਼ਿਕਰ ਹੈ। ਮੈਂ ਰਾਮਗੜ੍ਹ ਕੈਂਟ (ਬਿਹਾਰ) ਸਾਂ। ਇੱਕ ਦਿਨ ਮੇਰਾ ਚਾਰ ਸਾਲ ਦਾ ਲੜਕਾ ਕੁਲਦੀਪ ਸਿੰਘ (ਜੋ ਹੁਣ ਮੇਰੇ ਕੋਲ ਹੀ ਕੈਨੇਡਾ ਰਹਿੰਦਾ ਹੈ) ਸਾਡੇ ਨੌਕਰ ਭਈਏ ਸੋਮੇ ਨਾਲ ਦੁਪੈਹਰ ਨੂੰ ਮੇਰੇ ਕੁਆਟਰ ਵਿੱਚ ਆ ਗਿਆ ਮੈਂ ਹੈਰਾਨ ਤੇ ਖੁਸ਼। ਭਈਏ ਨੇ ਦੱਸਿਆ ਕਿ ਮੈਂ ਛੁੱਟੀ ਆਉਣਾ ਸੀ, ਇਹ ਕਹਿਣ ਲੱਗਾ ਮੈਂ ਡੈਡੀ ਕੋਲ ਜਾਣਾ ਮੈਂ ਲੈ ਆਇਆ। ਦਸ ਕੁ ਦਿਨ ਰਹਿਕੇ ਕੁਲਦੀਪ ਉਸਦੇ ਨਾਲ ਹੀ ਮੁੜ ਗਿਆ। ਉਹ ਭਈਆ ਸੋਮਾ ਸਾਡੇ ਕੋਲ ਕਾਫੀ ਚਿਰ ਰਿਹਾ ਫਿਰ ਭਾਜੀ ਦੇ ਸਹੁਰੀ ਬੰਗੀਂ ਉਨ੍ਹਾਂ ਕੋਲ ਰਿਹਾ। ਹੁਣ ਵੀ ਉਥੇ ਕਿਤੇ ਹੀ ਹੈ। ਪਰ ਅੱਜ ਤੱਕ ਉਸਦੇ ਪਿੰਡ ਥਾਂ ਬਾਰੇ ਕੁਝ ਪਤਾ ਨਹੀਂ। ਹੁਣ ਸੋਚਦਾ ਵਿਸ਼ਵਾਸ਼ ਨੂੰ ਵਿਸ਼ਵਾਸ ਹੈ। ਇੱਕ ਬੜੀ ਪਿਆਰੀ ਕਹਾਣੀ ਹੈ। ''ਇਕ ਬ੍ਰਿਧ ਮਾਂ ਤੇ ਉਸਦੀ ਨੌ-ਜਵਾਨ ਬਿਮਾਰ ਧੀ ਕੱਚੇ ਰਾਹ ਤੇ ਤੁਰੀਆਂ ਜਾ ਰਹੀਆਂ ਸਨ। ਪਿੱਛੋਂ ਇੱਕ ਘੋੜੇ ਵਾਲਾ ਆਇਆ ਤੇ ਮਾਈ ਉਸਨੂੰ ਕਹਿਣ ਲੱਗੀ, ''ਵੇ ਪੁੱਤ ਮੇਰੀ ਧੀ ਬਿਮਾਰ ਹੈ, ਇਸ ਨੂੰ ਅਗਲੇ ਪਿੰਡ ਤੱਕ ਘੋੜੇ ਤੇ ਬਿਠਾਲ ਲੈ।'' ਘੋੜੇ ਵਾਲਾ ਕਹਿੰਦਾ ''ਮਾਈ ! ਘੋੜਾ ਮੰਗਵਾਂ ਨਹੀਂ ਹੈ ਮੇਰਾ ਹੈ। ਮੈਂ ਇਸ ਤੇ ਹੋਰ ਭਾਰ ਕਿਉਂ ਪਾਵਾਂ। ਅੱਗੇ ਹੀ ਗਰਮੀ ਬਥੇਰੀ ਹੈ।'' ਇਹ ਕਹਿਕੇ ਉਹ ਲੰਘ ਗਿਆ, ਥੋਹੜੀ ਦੂਰ ਜਾਕੇ ਸੋਚਣ ਲੱਗਾ, ਕਿੱਡੀ ਬੇ-ਵਕੂਫ਼ੀ ਕੀਤੀ। ਕੁੜੀ ਨੂੰ ਬਿਠਾਲ ਲੈਂਦਾ ਨਜ਼ਾਰੇ ਲੈਂਦਾ, ਬੁੜ੍ਹੀ ਨੇ ਕਿਹੜਾ ਮੇਰੇ ਨਾਲ ਰਲ ਜਾਣਾ ਸੀ। ਉਧਰ ਮਾਈ ਦੇ ਵੀ ਮਨ ਵਿੱਚ ਖਿਆਲ ਆਇਆ ਮੈਂ ਕੇਡੀ ਗ਼ਲਤੀ ਕਰਨ ਲੱਗੀ ਸਾਂ। ਉਹ ਮੇਰੀ ਧੀ ਨੂੰ ਉਡਾ ਕੇ ਲੈ ਜਾਂਦਾ ਮੈਂ ਕੀ ਕਰਦੀ। ਘੋੜੇ ਵਾਲੇ ਨੇ ਘੋੜਾ ਵਾਪਸ ਮੋੜ ਲਿਆ ਤੇ ਕੋਲ ਆਕੇ ਮਾਈ ਨੂੰ ਕਹਿਣ ਲੱਗਾ, ''ਚੱਲ ਮਾਈ ਬਿਠਾ ਲਿਜਾਂਦਾ ਕੁੜੀ ਨੂੰ ਗਰਮੀ ਬਹੁਤ ਹੈ, ਵਿਚਾਰੀ ਅੱਗੇ ਬਿਮਾਰ ਹੈ।'' ਮਾਈ ਉਸਨੂੰ ਕਹਿਣ ਲੱਗੀ, ''ਭਾਈ ਡੰਡੀ ਪੈ, ਜਿਹੜਾ ਤੈਨੂੰ ਸਲਾਹ ਦੇ ਗਿਆ ਉਹ ਮੇਰੇ ਵੀ ਕੰਨ ਵਿੱਚ ਕਹਿ ਗਿਆ।

ਚਲਦਾ....

52 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING
LIKE DREAM CARPETS
SERVING WESTERN CANADA
FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Perry



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਨਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

****************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇਮੀਗ੍ਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ
604-832-2564

****************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

****************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731
(ਸਿਰਫ ਵਟਸਐਪ)

****************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।
ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

****************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

****************

ਸੈਣੀ ਸਿੱਖ ਪਰਿਵਾਰ ਦਾ ਲੜਕਾ ਉਮਰ 31 ਸਾਲਾ, ਕੱਦ 5'11", ਕਨੇਡੀਅਨ ਪੀ. ਆਰ., ਨਸ਼ਿਆਂ ਤੋਂ ਰਹਿਤ ਵਾਸਤੇ ਯੋਗ ਲੜਕੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ।
ਫੋਨ: 604-440-2691
ਈਮੇਲ - hardeepkaur917@yahoo.com

****************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670 27 April

****************

ਜੱਟ ਸਿੱਖ ਧਾਲੀਵਾਲ, ਵਰਕ ਪਰਮਿਟ ਹੋਲਡਰ ਲੜਕਾ, ਉਮਰ 26 ਸਾਲ, ਕੱਦ 5'10" ਲਈ ਪੀ.ਆਰ. ਲੜਕੀ ਦੀ ਲੋੜ ਹੈ। ਲੁਧਿਆਣਾ, ਮੋਗਾ ਪਿਛੋਕੜ ਵਾਲਿਆਂ ਨੂੰ ਪਹਿਲ। ਲੜਕੇ ਦੀ ਭੈਣ ਅਤੇ ਸਾਰਾ ਪਰਿਵਾਰ ਸਰੀ ਵਿਚ ਹੈ। ਪਿਤਾ ਪੰਜਾਬ ਸਰਕਾਰ ਤੋਂ ਰਿਟਾਇਰਡ।
ਸੰਪਰਕ 604-614-1484 (3 ਵਜੇ ਤੋਂ ਬਾਅਦ)

## ਸੂਚਨਾ

ਮੇਰਾ ਨਾਮ ਕੁਲਦੀਪ ਮੰਡੇਰ ਹੈ ਸਾਡੇ ਇੱਕ ਕਿਰਾਏਦਾਰ ਨੇ ਆਪਣੀ ਕਾਰ ਮੇਰੀ ਜਾਇਦਾਦ 12666-114th ave Surrey B.C. V3V-3N9 ਨਵੰਬਰ 2020 ਨੂੰ ਖੜੀ ਕਰਕੇ ਅਤੇ ਅਪ੍ਰੈਲ 2021 ਵਿੱਚ ਛੱਡ ਕੇ ਚਲਾ ਗਿਆ। ਇਹ ਵਾਈਟ ਕਲਰ 2015 ਹੌਂਡਾ ਸਿਵਿਕ ਹੈ। VIN ਨੰਬਰ VIN-2HGFB2F56FH001467 ਹੈ। ਜੇਕਰ ਕਿਸੇ ਨੂੰ ਇਸ ਕਾਰ ਦੀ ਕੋਈ ਜਾਣਕਾਰੀ ਹੈ। ਕਿਰਪਾ ਕਰਕੇ ਮੇਰੇ ਨਾਲ ਸੰਪਰਕ ਕਰੋ
778-861-3643 24 JAN

## MATRIMONIALS

### ਲੜਕੇ ਦੀ ਲੋੜ

34 ਸਾਲਾਂ 5'-3" M.A. B.Ed. ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ। ਸੰਪਰਕ- 604-763-3541.

****************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662,
Email: dharam.sidhu@yahoo.com

****************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

****************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਫ੍ਰ) ਜਾਂ ਸਿਟਿਜ਼ਨ ਲੜਕੀ ਦੀ ਲੋੜ।
ਸਪੰਰਕ:-778-903-0135

****************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ।
ਸੰਪਰਕ: 604-809-3121

****************

### ਲੜਕੀ ਦੀ ਲੋੜ

ਕੈਨੇਡੀਅਨ ਜੱਟ ਸਿੱਖ ਗਿੱਲ ਲੜਕਾ, ਉਮਰ 28 ਸਾਲ, ਕੱਦ 5'7", ਲਈ ਕਨੇਡੀਅਨ ਪੀਆਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਕੋਲ ਰਾਜਸਥਾਨ (ਭਾਰਤ) ਵਿਚ ਸ਼ਹਿਰੀ ਜਾਇਦਾਦ ਅਤੇ 60 ਕਿੱਲੇ ਜ਼ਮੀਨ ਹੈ। ਰਾਜਸਥਾਨ ਪਿਛੋਕੜ ਵਾਲੇ ਪਰਿਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਵਟਸਐਪ ਨੰਬਰ +919667729796 'ਤੇ ਸੰਪਰਕ ਕੀਤਾ ਜਾ ਸਕਦਾ ਹੈ।

****************

### ਦਸਤਾਰਧਾਰੀ ਲੜਕੇ ਦੀ ਲੋੜ

ਵਧੀਆ ਜੌਬ ਕਰ ਰਹੀ ਕੈਨੇਡੀਅਨ ਸਿਟੀਜ਼ਨ, ਜੱਟ ਸਿੱਖ ਲੜਕੀ, ਉਮਰ 29 ਸਾਲ, ਕੱਦ 5' 3" ਲਈ ਦਸਤਾਰਧਾਰੀ ਵਰ ਦੀ ਲੋੜ ਹੈ। ਲੜਕਾ ਜੱਟ ਸਿੱਖ, ਨਸ਼ਿਆਂ ਤੋਂ ਰਹਿਤ, ਵੈਜੀਟੇਰੀਅਨ, ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ., ਸਿਰਫ ਵੈਨਕੂਵਰ ਲੋਅਰ ਮੇਨਲੈਂਡ ਵਿਚ ਰਹਿਣ ਵਾਲਾ ਹੋਵੇ। ਮੈਰਿਜ ਬਿਊਰੋ ਅਤੇ ਵਿਜ਼ਟਰ ਕਾਲ ਨਾ ਕਰਨ। ਸੰਪਰਕ ਨੰਬਰ: 604 800 8409

### ਵਰ ਦੀ ਲੋੜ

ਕੈਨੇਡੀਅਨ ਜੱਟ ਸਿੱਖ ਗਿੱਲ, ਉਮਰ 29 ਸਾਲ, ਕੱਦ 5'6", ਕੈਂਸਰ ਹਸਪਤਾਲ ਵੈਨਕੂਵਰ ਵਿੱਚ ਬਤੌਰ MUC ਸਰਵਿਸ ਕਰਦੀ ਲੜਕੀ ਲਈ ਕਨੇਡੀਅਨ ਪੀਆਰ ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦੇ ਪਰਿਵਾਰ ਦਾ ਪਿਛੋਕੜ ਰਾਜਸਥਾਨ (ਭਾਰਤ) ਨਾਲ ਸਬੰਧਤ ਹੈ ਅਤੇ ਰਾਜਸਥਾਨ ਪਿਛੋਕੜ ਵਾਲੇ ਪਰਿਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਵਟਸਐਪ ਨੰਬਰ +919667729796 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

GALAXY IDP CONSTRUCTION LTD.

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਲੜਕੀ ਦੀ ਲੋੜ

37 ਸਾਲਾਂ 5' 6" ਅਨਮੈਰਿਡ ਹਿੰਦੂ ਵਰਮਾ ਵਰਕ ਪਰਮਿਟ ਸਰੀ 'ਚ ਰਹਿੰਦੇ ਸੋਹਣੇ ਮੁੰਡੇ (ਇੰਡੀਅਨ ਬੈਕਗਰਾਊਂਡ ਪੰਜਾਬ) ਲਈ ਸਿਟੀਜ਼ਨ/ਪੀ.ਆਰ., ਸਟੂਡੈਂਟ ਵੀਜ਼ਾ, ਟੈਂਮਪਰੇਰੀ ਵੀਜ਼ਾ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ।
ਸੰਪਰਕ ਕਰੋ:- 7783210986
Exp. 6 Jan

### ਵਰ ਦੀ ਲੋੜ

ਵੈਨਕੂਵਰ ਰਹਿ ਰਹੀ ਸੁਹਣੀ ਸੁਨੱਖੀ, ਜੱਟ ਸਿੱਖ ਪਰਿਵਾਰਕ, ਮਿਹਨਤੀ ਲੜਕੀ, ਉਮਰ 26 ਸਾਲ, ਕੱਦ 5'5", ਬੀ.ਟੈੱਕ ਕੰਪਿਊਟਰ ਸਾਇੰਸ, ਨੈਨੀ ਦੀ ਪੀ.ਆਰ. ਫਾਈਲ ਲੱਗੀ ਹੋਈ ਹੈ, ਲਈ ਜੱਟ ਸਿੱਖ ਵਰ ਦੀ ਲੋੜ ਹੈ। ਸੰਪਰਕ- 778-710-9766
26 Jan-5

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਸਟੂਡੈਂਟ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-916-2959
26 Jan-5

### ਵਰ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ। ਸੰਪਰਕ: 236-591-2719 (Whats app)

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਮਿਨੀ ਕਹਾਣੀਆਂ

## ਨੀਂਦ

ਐਤਵਾਰ ਦਾ ਛੁੱਟੀ ਵਾਲਾ ਦਿਨ ਸੀ। ਸਮੇਂ ਸਿਰ ਉੱਠਣ ਦੀ ਕੋਈ ਕਾਹਲੀ ਨਹੀਂ ਸੀ। ਮੈਂ ਹਾਲੇ ਨੀਂਦ ‘ਚ ਹੀ ਸੀ ਕਿ ਫ਼ੋਨ ਦੀ ਘੰਟੀ ਖੜਕੀ। ਪਿੰਡੋਂ ਜ਼ਮੀਨ ਠੇਕੇ ‘ਤੇ ਲੈਣ ਵਾਲੇ ਕਿਸਾਨ ਦਾ ਫ਼ੋਨ ਸੀ, “ਸਤਿ ਸ੍ਰੀ ਅਕਾਲ ਜੀ। ਸੁੱਤੇ ਪਏ ਉ ਹਾਲੇ ?“ ਮੇਰੀ ਨੀਂਦ ਭਰੀ ਆਵਾਜ਼ ਤੋਂ ਅੰਦਾਜ਼ਾ ਲਗਾਉਂਦਿਆਂ ਉਸ ਨੇ ਕਿਹਾ। “ਨਹੀਂ ਨਹੀਂ ਸੁੱਤਾ ਤਾਂ ਕਾਹਨੂੰ ਆਂ,“ ਮੈਂ ਗੱਲ ਜਿਹੀ ਟਾਲਦਿਆਂ ਉਸ ਨੂੰ ਫੋਨ ਕਰਨ ਦਾ ਕਾਰਨ ਪੁੱਛਿਆ, “ਤੂੰ ਸੁਣਾ ਫ਼ੋਨ ਕਿਵੇਂ ਕੀਤਾ ਸੀ ?“ “ਮੈਂ ਤਾਂ ਇਉਂ ਕਹਿੰਦਾ ਸੀ ਬਈ ਉੱਪਰਲੇ ਖੇਤ ‘ਚ ਜਿਹੜੇ ਟਾਹਲੀ ਤੇ ਡੇਕ ਨੇ ਇਹ ਝੋਨਾ ਲਾਉਣ ਵੇਲੇ ਬੜਾ ਅੜਿੱਕਾ ਲਾਉਂਦੇ ਨੇ। ਟਰੈਕਟਰ ਨ੍ਹੀਂ ਮੁੜਦਾ ਕੱਦੂ ਕਰਨ ਵੇਲੇ। ਇਹ ਵਢਾ ਈ ਦਿਉ ਵਾਢ ਵਾਲਿਆਂ ਤੋਂ। ਜੇ ਕਹੋ ਤਾਂ ਮੈਂ ਪਿੰਡ ਪੁੱਛ ਲੈਨਾਂ ਕਿਸੇ ਵਾਢ ਵਾਲੇ ਨੂੰ।“ ਉਸ ਦੀਆਂ ਗੱਲਾਂ ਸੁਣ ਕੇ ਮੈਨੂੰ ਲੱਗ ਰਿਹਾ ਸੀ ਜਿਵੇਂ ਮੈਂ ਇਕੱਲਾ ਹੀ ਨੀਂਦ ਵਿਚ ਨਹੀਂ, ਵਾਤਾਵਰਨ ਦੀ ਸੰਭਾਲ ਪੱਖੋਂ ਆਪਾਂ ਸਾਰੇ ਹੀ ਨੀਂਦ ‘ਚ ਹਾਂ।

—ਬਿੰਦਰ ਸਿੰਘ ਖੁੱਡੀ ਕਲਾਂ

## ਅਮੀਰੀ

“ਪਾਪਾ! ਵੱਡੀ ਕੋਠੀ ਵਾਲਿਆਂ ਦੀ ਸਿਮਰਨ ਕਿਹੋ ਜਿਹੀ ਐ।“ “ਕਿਉਂ, ਕੀ ਹੋਇਆ ਪੁੱਤਰ ?“



“ਸਾਡੇ ਨਾਲ ਕਦੇ ਨਹੀਂ ਖੇਡਦੀ। ਜੇ ਅਸੀਂ ਖੇਡਣ ਨੂੰ ਕਹੀਏ ਤਾਂ ਕਹਿੰਦੀ ਐ ਮੈਂ ਨਹੀਂ ਖੇਡਦੀ □ ਡਸਟ ਉੱਡਦੀ ਐ। □ ਕਦੇ-ਕਦੇ ਕਹਿੰਦੀ ਐ□ ਸਾਡੇ ਕੋਲ ਤਿੰਨ ਕਾਰਾਂ ਨੇ□। ਪਾਪਾ, ਪਤੈ ਉਹਦਾ ਅਪਣਾ ਅਲੱਗ ਕਮਰਾ ਐ□ ਮੈਂ ਇਕ ਦਿਨ ਗਈ ਸੀ ਉਹਦੇ ਘਰ□ ਸੱਚੀਂ, ਕਿੱਡਾ ਵੱਡਾ ਘਰ ਸੀ□ ਉਹਦੇ ਕਮਰੇ ਵਿਚ ਕੰਪਿਊਟਰ ਵੀ ਸੀ ਤੇ ਸੱਚੀਂ ਬਹੁਤ ਸਾਰੇ ਖਿਡੌਣੇ□। ਸੜੀ ਜਿਹੀ ਮੈਨੂੰ ਕਹਿੰਦੀ, ਮੇਰੇ ਟੁਆਇਜ਼ ਨੂੰ ਹੱਥ ਨਾ ਲਾਈਂ□। ਪਾਪਾ, ਸਿਮਰਨ ਕੇ ਬਹੁਤ ਅਮੀਰ ਨੇ□ ? ਪਰ ਪਾਪਾ, ਕੋਈ ਤਾਂ ਐਸੀ ਚੀਜ਼ ਹੋਵੇਗਾ ਨਾ ਜਿਹੜੀ ਸਿਰਫ਼ ਸਾਡੇ ਕੋਲ ਹੀ ਹੋਵੇ□ ਪਰ ਸਿਮਰਨ ਕਿਆਂ ਕੋਲ ਨਾ ਹੋਵੇ ? ਦੱਸੋ ਨਾ□ ਐਹੋ ਜਿਹੀ ਕਿਹੜੀ ਚੀਜ਼ ਐ ਜਿਹੜੀ ਸਾਡੇ ਕੋਲ ਹੈ, ਪਰ ਸਿਮਰਨ ਕਿਆਂ ਕੋਲ ਨਹੀਂ□ ? ਫਿਰ ਮੈਂ ਵੀ ਕੱਲ੍ਹ ਨੂੰ ਉਹਦੀ ਡੋ-ਡੋ ਕਰੂੰਗੀ।“ ਮੰਜੀ ‘ਤੇ ਪਈ ਦਸ ਸਾਲ ਦੀ ਰਮਨ ਨੇ ਛੋਟੇ-ਛੋਟੇ ਹੱਥਾਂ ਨਾਲ ਰਾਮਪਾਲ ਦਾ ਮੂੰਹ ਆਪਣੇ ਵੱਲ ਕਰਦਿਆਂ ਪੁੱਛਿਆ।

“ਹਾਂ ਪੁੱਤ, ਹੈ ਨਾ□ ਓਹ ਵੇਖ□ ਆਪਣੇ ਕੋਲ ਕਿੰਨੇ ਤਾਰੇ ਨੇ□ ਚੰਦਾ ਮਾਮਾ ਵੀ ਐ।“ ਰਾਮਪਾਲ ਨੇ ਅੱਖਾਂ ਬੰਦ ਕਰਕੇ ਡੂੰਘਾ ਹਾਉਕਾ ਭਰ ਕੇ ਕਿਹਾ। “ਸੱਚੀਂ ਪਾਪਾ! ਚੰਦਾ ਮਾਮਾ ਤੇ ਐਨੇ ਤਾਰੇ□ ਸਿਰਫ਼ ਆਪਣੇ ਘਰ ਹੀ ਆਉਂਦੇ ਨੇ□ ਡੋ-ਡੋ ਸਿਮਰਨ ਕੀ ਕੋਠੀ ਵਿਚੋਂ ਦਿਸਦੇ ਹੀ ਨਹੀਂ□।“ ਇਹ ਕਹਿੰਦਿਆਂ ਹੀ ਰਮਨ ਦੀਆਂ ਅੱਖਾਂ ਵਿਚ ਅਜੀਬ ਜਿਹੀ ਚਮਕ ਆ ਗਈ।

—ਪ੍ਰਦੀਪ ਕੌੜਾ



## ਖੋਖਲਾਪਣ

ਰਮੇਸ਼ ਅਜੇ ਘਰ ਵੜਿਆ ਹੀ ਸੀ ਕਿ ਉਸ ਦਾ ਦਸ ਕੁ ਸਾਲਾ ਪੁੱਤਰ ਚਿੰਟੂ ਭੱਜ ਕੇ ਉਸ ਦੀਆਂ ਲੱਤਾਂ ਨਾਲ ਚਿੰਬੜ ਗਿਆ।

“ਆ ਪੁੱਤਰਾ,“ ਕਹਿ ਰਮੇਸ਼ ਨੇ ਉਸ ਨੂੰ ਗੋਦੀ ਚੁੱਕ ਲਿਆ। “ਪਾਪਾ ਪਾਪਾ, ਮੈਂ ਕੈਨੇਡਾ ਜਾਵਾਂਗਾ,“ ਇਹ ਕਹਿੰਦੇ ਹੋਏ ਚਿੰਟੂ ਦੀਆਂ ਅੱਖਾਂ ਵਿਚ ਚਮਕ ਸੀ। “ਅੱਛਾ ਤੂੰ ਕੈਨੇਡਾ ਜਾਵੇਂਗਾ! ਤੈਨੂੰ ਕਿਸ ਨੇ ਕਹਿ ਦਿੱਤੀ ਇਹ ਗੱਲ ?“ ਰਮੇਸ਼ ਨੇ ਝੂਠੀ-ਮੂਠੀ ਹੈਰਾਨ ਹੁੰਦੇ ਹੋਏ ਪਿਆਰ ਨਾਲ ਚਿੰਟੂ ਨੂੰ ਘੁੱਟ ਲਿਆ।

“ਪਾਪਾ, ਮੇਰਾ ਦੋਸਤ ਗੁਰਪ੍ਰਤਾਪ ਕਹਿੰਦਾ ਸੀ ਜਦੋਂ ਆਪਾਂ ਵੱਡੇ ਹੋ ਜਾਵਾਂਗੇ ਤਾਂ ਕੈਨੇਡਾ ਜਾਵਾਂਗੇ। ਉੱਥੇ ਉਸ ਦੇ ਦਾਦਾ ਦਾਦੀ ਤੇ ਤਾਇਆ ਜੀ ਰਹਿੰਦੇ ਨੇ। ਉਹ ਜਦੋਂ ਜਾਵੇਗਾ ਮੈਨੂੰ ਆਪਣੇ ਨਾਲ ਲੈ ਕੇ ਜਾਵੇਗਾ। ਉਹ ਇਹ ਵੀ ਕਹਿੰਦਾ ਸੀ ਕਿ ਏਥੇ ਕਿਸੇ ਨੇ ਨਈਂ ਰਹਿਣਾ। ਸਭ ਨੇ ਬਾਹਰਲੇ ਦੇਸ਼ਾਂ ‘ਚ ਚਲੇ ਜਾਣਾ ਹੈ।“ “ਕਿਉਂ ਨ੍ਹੀਂ ਰਹਿਣਾ ਏਥੇ ਕਿਸੇ ਨੇ ?“ ਰਮੇਸ਼ ਚਾਹੁੰਦਾ ਸੀ ਕਿ ਬੱਚਾ ਕੁਝ ਹੋਰ ਦੱਸੇ। “ਪਾਪਾ, ਗੁਰਪ੍ਰਤਾਪ ਕਹਿੰਦਾ ਸੀ ਕਿ ਏਥੇ ਆਪਾਂ ਨੂੰ ਕੋਈ ਕੰਮ ਨਹੀਂ ਮਿਲਣਾ। ਪੜ੍ਹਾਈ ਤੋਂ ਬਾਅਦ ਜਦੋਂ ਆਪਾਂ ਵੱਡੇ ਹੋ ਗਏ ਆਪਾਂ ਵੀ ਬਾਹਰ ਜਾ ਕੇ ਹੀ ਕੰਮ ਕਰਾਂਗੇ। ਇਸ ਲਈ ਪਾਪਾ ਆਪਾਂ ਨੂੰ ਕੈਨੇਡਾ ਹੀ ਜਾਣਾ ਪੈਣਾ।“ ਆਪਣੀ ਗੱਲ ਦੱਸਦੇ ਚਿੰਟੂ ਦੇ ਮੂੰਹ ‘ਤੇ ਵੱਡਿਆਂ ਵਰਗੀ ਸਿਆਣਪ ਜਿਹੀ ਆ ਗਈ ਸੀ।

“ਨਹੀਂ ਯਾਰ, “ਰਮੇਸ਼ ਨੇ ਚਿੰਟੂ ਨੂੰ ਗੋਦੀਓਂ ਉਤਾਰ ਦਿੱਤਾ। “ਇਹ ਆਪਣਾ ਦੇਸ਼ ਹੈ ਆਪਾਂ ਇੱਥੇ ਹੀ ਰਹਾਂਗੇ ਕੰਮ ਕਰਾਂਗੇ।“ ਰਮੇਸ਼ ਨੇ ਇਹ ਗੱਲ ਕਹਿ ਤਾਂ ਦਿੱਤੀ ਸੀ, ਪਰ ਬੇਰੁਜ਼ਗਾਰੀ ਤੇ ਲੋਕਾਂ ਦੀ ਬਾਹਰ ਜਾਣ ਦੀ ਹੋੜ੍ਹ ਬਾਰੇ ਸੋਚਦਿਆਂ ਉਸ ਨੂੰ ਆਪਣੀ ਹੀ ਗੱਲ ਖੋਖਲੀ ਜਿਹੀ ਜਾਪੀ।

—ਵਿਵੇਕ

## ਕਹਿਣੀ ਤੇ ਕਰਨੀ

ਨੇਤਾ ਜੀ ਚੋਣ ਜਲਸੇ ਨੂੰ ਸੰਬੋਧਨ ਕਰ ਰਹੇ ਸਨ। ਉਹ ਭਾਸ਼ਣ ਦੇ ਰਹੇ ਸਨ: “ਪੰਜਾਬ ਦੀ ਜਵਾਨੀ ਨਸ਼ਿਆਂ ਨੇ ਖ਼ਤਮ ਕਰ ‘ਤੀ। ਜੇ ਵੱਡੇ ਨਸ਼ਾ ਤਸਕਰਾਂ ਨੂੰ ਨੱਥ ਪਾਈ ਜਾਵੇ ਤਾਂ ਪੰਜਾਬ ਦੀ ਜਵਾਨੀ ਬਚ ਸਕਦੀ ਐ□।” ਨੇਤਾ ਜੀ ਭਾਸ਼ਣ ਦੇ ਕੇ ਕੁਰਸੀ ‘ਤੇ ਬਿਰਾਜਮਾਨ ਹੋਏ ਹੀ ਸਨ ਕਿ ਨਸ਼ਾ ਤਸਕਰ ਦਾ ਫੋਨ ਆ ਗਿਆ ਜਿਸ ਉੱਤੇ ਪੁਲੀਸ ਨੇ ਛਾਪਾ ਮਾਰਿਆ ਸੀ। ਹੁਣ ਨੇਤਾ ਜੀ ਨਸ਼ਾ ਤਸਕਰ ਨੂੰ ਬਚਾਉਣ ਲਈ ਸਬੰਧਿਤ ਐੱਸਐੱਚਓ ਨੂੰ ਕਾਲ ਕਰਨ ‘ਚ ਰੁੱਝ ਗਏ।

—ਜਗਤਾਰ ਰਤਨ ਭਾਈਰੂਪਾ






# ਚੁਣੌਤੀਆਂ ਤੋਂ ਡਰ ਕਾਹਦਾ...

ਕਿਸੇ ਵੀ ਵਿਅਕਤੀ ਦਾ ਜੀਵਨ ਕਦੇ ਇਕਸਾਰ ਨਹੀਂ ਰਹਿੰਦਾ। ਜੀਵਨ ਦੇ ਹੋਰ ਰੰਗਾਂ ਵਾਂਗ ਇਸ ਦੇ ਰੰਗ ਵੀ ਬਦਲਦੇ ਰਹਿੰਦੇ ਹਨ। ਉਂਜ ਵੀ ਤਬਦੀਲੀ ਕੁਦਰਤ ਦਾ ਅਟੱਲ ਨੇਮ ਹੈ ਤੇ ਸਮੇਂ ਅਨੁਸਾਰ ਮਨੁੱਖ ਦਾ ਆਲਾ-ਦੁਆਲਾ ਤੇ ਜੀਵਨ ਦੇ ਰੰਗ-ਢੰਗ ਬਦਲਦੇ ਰਹਿੰਦੇ ਹਨ। ਜਿਵੇਂ ਇੱਕੋ ਜਿਹਾ ਮੌਸਮ ਵੀ ਕਿਸੇ ਨੂੰ ਨਹੀਂ ਭਾਉਂਦਾ ਤੇ ਮਨੁੱਖੀ ਮਨ ਛੇਤੀ ਹੀ ਉਕਤਾ ਜਾਂਦਾ ਹੈ। ਕੁਦਰਤ ਨੇ ਸਾਡੇ ਦੇਸ਼ ਨੂੰ ਵੱਖਰੇ ਵੱਖਰੇ ਤੇ ਦਿਲ-ਲੁਭਾਉਣੇ ਮੌਸਮਾਂ ਦੀਆਂ ਸੌਗਾਤਾਂ ਨਾਲ ਨਿਵਾਜਿਆ ਹੋਇਆ ਹੈ। ਕਦੇ ਧੁੱਪਾਂ, ਕਦੇ ਛਾਵਾਂ, ਕਦੇ ਘਨਘੋਰ ਬੱਦਲੀਆਂ, ਕਦੇ ਗਰਮੀ, ਕਦੇ ਠੰਢ ਦੀ ਜਕੜ, ਕਦੇ ਵਰਖਾ ਦੀਆਂ ਸੌਗਾਤਾਂ, ਕਦੇ ਠੰਢੀਆਂ, ਕਦੇ ਗਰਮ ਹਵਾਵਾਂ, ਗੱਲ ਕੀ ਜਿਵੇਂ ਮੌਸਮਾਂ ਦੇ ਅਨੇਕਾਂ ਰੰਗ ਹਨ, ਬਿਲਕੁਲ ਇਸੇ ਤਰ੍ਹਾਂ ਹੀ ਜੀਵਨ ਵੀ ਇੱਕੋ ਜਿਹਾ ਨਹੀਂ ਰਹਿੰਦਾ। ਉਂਜ ਵੀ ਮਨੁੱਖੀ ਮਨ ਦੀ ਇਹ ਫਿਤਰਤ ਹੈ ਕਿ ਇਹ ਰੋਜ਼ ਦਾਲ ਖਾਂਦਾ ਵੀ ਅੱਕ ਜਾਂਦਾ ਹੈ। ਇਸ ਲਈ ਮੂੰਹ ਦਾ ਸੁਆਦ ਬਦਲਣ ਲਈ ਮਨੁੱਖ ਤਰ੍ਹਾਂ ਤਰ੍ਹਾਂ ਦੇ ਭੋਜਨ ਖਾਂਦਾ ਹੈ।

ਜੀਵਨ ਵੀ ਬਿਲਕੁਲ ਇਸੇ ਤਰ੍ਹਾਂ ਦਾ ਹੈ। ਮਨੁੱਖ ਹਮੇਸ਼ਾਂ ਚੰਗੇ ਲਈ ਕੋਸ਼ਿਸ਼ਾਂ ਕਰਦਿਆਂ ਇਹ ਤਾਂਘ ਰੱਖਦਾ ਹੈ ਕਿ ਪਹਿਲਾਂ ਨਾਲੋਂ ਜੀਵਨ ਹਾਲਤਾਂ ਵਿੱਚ ਤਬਦੀਲੀ ਆਵੇ। ਭਲੇ ਸਮੇਂ ਦੀ ਆਸ ਵਿੱਚ ਮਨੁੱਖ ਕਈ ਪਾਪੜ ਵੇਲਦਾ ਹੈ ਪਰ ਜੀਵਨ ਦਾ ਯਥਾਰਥ ਅਜਿਹਾ ਹੈ ਕਿ ਮਨੁੱਖ ਆਸ ਕਿਸੇ ਹੋਰ ਚੀਜ਼ ਦੀ ਲਾਈ ਬੈਠਾ ਹੁੰਦਾ ਹੈ ਪਰ ਵਾਪਰ ਕੁਝ ਹੋਰ ਹੀ ਜਾਂਦਾ ਹੈ। ਅਕਸਰ ਜੀਵਨ ਜਿਊਂਦਿਆਂ ਮਨੁੱਖ ਨੂੰ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਝ ਲੋਕ ਆਪਣੀ ਸੂਝ-ਸਮਝ ਨਾਲ ਇਨ੍ਹਾਂ ਪਰੇਸ਼ਾਨੀਆਂ, ਚੁਣੌਤੀਆਂ ਵਿੱਚੋਂ ਨਿਕਲ ਜਾਂਦੇ ਹਨ। ਕੁਝ ਲੋਕ ਅਜਿਹੀ ਸਥਿਤੀ ਵਿੱਚ ਮਾਨਸਿਕ ਰੂਪ ਵਿੱਚ ਏਨੇ ਤਣਾਅਗ੍ਰਸਤ ਹੋ ਜਾਂਦੇ ਹਨ ਕਿ ਕਿਸੇ ਚੁਣੌਤੀ ਵਿੱਚੋਂ ਨਿਕਲਣ ਦਾ ਕੋਈ ਹੀਲਾ ਕਰਨ ਦੀ ਥਾਂ ਹੋਰ ਮੁਸੀਬਤਾਂ ਸਹੇੜ ਲੈਂਦੇ ਹਨ।



ਆਲੇ-ਦੁਆਲੇ ਦੇਖਦੇ ਹਾਂ ਕਿ ਜੀਵਨ ਵਿੱਚ ਵਿਚਰਦਿਆਂ ਕਈ ਵਾਰ ਘਰ ਦੇ ਕਿਸੇ ਜੀਅ ਨੂੰ ਬਿਮਾਰੀ ਆ ਘੇਰਦੀ ਹੈ। ਇਹੋ ਜਿਹੇ ਵੇਲੇ ਘਬਰਾਹਟ ਹੋਣੀ ਸੁਭਾਵਿਕ ਗੱਲ ਹੈ ਪਰ ਜੇ ਸੋਚ-ਵਿਚਾਰ ਕੇ ਦੇਖੀਏ ਕਿ ਅਨੇਕਾਂ ਲੋਕ ਕਿਸੇ ਨਾਂ ਕਿਸੇ ਬਿਮਾਰੀ ਤੋਂ ਪੀੜਤ ਹਨ ਤੇ ਸਾਡੇ ਨਾਲ ਕਿਹੜਾ ਕੋਈ ਅਲੋਕਾਰੀ ਵਾਪਰੀ ਹੈ। ਕਈ ਵਾਰ ਤਾਂ ਦਿਲ ਦਾ ਦੌਰਾ ਜਾਂ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਬਾਰੇ ਸੁਣ ਕੇ ਹੀ ਪਰਿਵਾਰ ਵਿੱਚ ਪਰੇਸ਼ਾਨੀ ਦਾ ਮਾਹੌਲ ਪਸਰ ਜਾਂਦਾ ਹੈ। ਇਹੋ ਜਿਹੇ ਸੰਕਟ ਸਮੇਂ ਡੂੰਘੀ ਸੋਚ ਵਿਚਾਰ, ਠਰੱਮੇ ਦੀ ਲੋੜ ਹੁੰਦੀ ਹੈ। ਕਿਸੇ ਭੈਣ-ਭਰਾ, ਦੋਸਤ-ਮਿੱਤਰ, ਰਿਸ਼ਤੇਦਾਰ ਦੀ ਸਲਾਹ ਲੈ ਕੇ ਫੌਰੀ ਇਹ ਹੀ ਯਤਨ ਹੋਣਾ ਚਾਹੀਦਾ ਹੈ ਕਿ ਕਿਸੇ ਸਿਆਣੇ ਡਾਕਟਰ ਤੋਂ ਇਲਾਜ ਦੀ ਪ੍ਰਕਿਰਿਆ ਆਰੰਭ ਕੀਤੀ ਜਾਵੇ। ਬਿਨਾਂ ਸ਼ੱਕ ਇਲਾਜ 'ਤੇ ਬਹੁਤ ਪੈਸਾ ਖ਼ਰਚ ਹੁੰਦਾ ਹੈ ਪਰ ਜ਼ਿੰਦਗੀ ਨਾਲੋਂ ਕੁਝ ਵੀ ਕੀਮਤੀ ਨਹੀਂ ਹੈ। ਇਹੋ ਜਿਹੀ ਸਥਿਤੀ ਵਿੱਚ ਅਕਸਰ ਲੋਕ ਨੀਮ-ਹਕੀਮ, ਬਾਬਿਆਂ ਤੇ ਤਾਂਤਰਿਕਾਂ ਦੇ ਚੱਕਰ ਵਿੱਚ ਪੈ ਕੇ ਮਰੀਜ਼ ਦੀ ਬਿਮਾਰੀ ਨੂੰ ਹੋਰ ਗੰਭੀਰ ਬਣਾ ਲੈਂਦੇ ਹਨ। ਜਿਸ ਦਾ ਕੋਈ ਬਹੁਤਾ ਲਾਭ ਨਹੀਂ ਹੁੰਦਾ। ਗੱਲ ਤਾਂ ਇਹ ਹੈ ਕਿ ਅਜਿਹੀ ਚੁਣੌਤੀ ਨੂੰ ਸੂਝ ਸਮਝ ਨਾਲ ਨਜਿੱਠਣ ਦੇ ਰਾਹ ਤੁਰਨ ਦੀ। ਜੇ ਹਾਲ-ਪਾਹਰਿਆ, ਮਰ ਗਏ ਲੁੱਟੇ ਗਏ ਕਰੀ ਜਾਵਾਂਗੇ ਤਾਂ ਕਿਹੜਾ ਮਸਲਾ ਹੱਲ ਹੋ ਜਾਣਾ ਹੈ। ਕਈ ਵਾਰ ਤਾਂ ਇਹ ਸਥਿਤੀ ਬਹੁਤ ਹਾਸੋ-ਹੀਣੀ ਬਣ ਜਾਂਦੀ ਹੈ। ਕੋਈ ਤੁਹਾਡੇ ਦਰਦ ਦਾ ਹਿੱਸੇਦਾਰ ਨਹੀਂ ਬਣਦਾ। ਜੇ ਆਸ਼ਾਵਾਦੀ ਨਜ਼ਰੀਏ ਨਾਲ ਕੁਦਰਤ 'ਤੇ ਭਰੋਸਾ ਕਰਕੇ ਸਹੀ ਰਾਹ ਤੁਰ ਪਈਏ ਤਾਂ ਸਫਲਤਾ ਜ਼ਰੂਰ ਮਿਲਦੀ ਹੈ।

ਸਿਆਣੇ ਕਿਹਾ ਕਰਦੇ ਸਨ ਕਿ 'ਰੱਬ! ਕਿਸੇ ਦੁਸ਼ਮਣ ਨੂੰ ਵੀ ਕਚਹਿਰੀਆਂ ਤੇ ਡਾਕਟਰਾਂ ਦੇ ਵੱਸ ਨਾ ਪਾਵੇ।' ਪਰ ਕਈ ਵਾਰ ਮਨੁੱਖ ਨੂੰ ਅਜਿਹੀਆਂ ਗੱਲਾਂ ਦਾ ਚਿੱਤ-ਚੇਤਾ ਵੀ ਨਹੀਂ ਹੁੰਦਾ ਕਿ ਅਚਾਨਕ ਕਿਸੇ ਨਾਲ ਬੋਲ-ਬੁਲਾਰਾ ਹੋ ਜਾਂਦਾ ਹੈ। ਗੱਲ ਵਧਦੀ ਹੋਈ ਮਾਰ-ਕੁਟਾਈ ਤੱਕ ਜਾ ਪਹੁੰਚਦੀ ਹੈ। ਤੁਹਾਡਾ ਬੇਟਾ ਹੀ ਕਿਤੇ ਮੁੰਡਿਆਂ ਨਾਲ ਲੜਾਈ ਕਰ ਬਹਿੰਦਾ ਹੈ। ਅਜਿਹੇ ਸਮੇਂ ਵੀ ਬੰਦਾ ਸਥਿਤੀ ਦੀ ਗੰਭੀਰਤਾ ਕਾਰਨ ਸੁੰਨ ਹੋ ਜਾਂਦਾ ਹੈ। ਬੱਚੇ ਦੇ ਭਵਿੱਖ ਦਾ ਸੁਆਲ ਹੁੰਦਾ ਹੈ। ਪੁਲੀਸ ਨੇ ਤਾਂ ਆਪਣੇ ਤਰੀਕੇ ਨਾਲ ਹੀ 'ਕਾਰਵਾਈ' ਕਰਨੀ ਹੁੰਦੀ ਹੈ। ਦੋਵਾਂ ਧਿਰਾਂ ਨੂੰ ਡਰਾਈ-ਧਮਕਾਈ ਵੀ ਜਾਣਾ ਤੇ 'ਰਾਜ਼ੀਨਾਵੇਂ' ਲਈ ਵਿਚੋਲੀਏ ਵੀ ਛੱਡ ਦੇਣੇ। ਸਿਆਣਪ ਤਾਂ ਇਸ ਵਿੱਚ ਹੀ ਹੁੰਦੀ ਹੈ ਕਿ ਉਤੇਜਿਤ ਹੋ ਕੇ ਜਲਦਬਾਜ਼ੀ ਵਿੱਚ ਕੋਈ ਕਦਮ ਨਾ ਚੁੱਕਿਆ ਜਾਵੇ। ਜੇਕਰ ਪਿੰਡ ਦੇ ਚਾਰ ਸਿਆਣਿਆਂ ਵਿੱਚ ਹੀ ਦੋਵੇਂ ਧਿਰਾਂ ਦੂਰ ਦੀ ਸੋਚ ਕੇ ਮਸਲਾ ਹੱਲ ਕਰ ਲੈਣ ਤਾਂ ਇਸ ਨਾਲ ਅਗਲੀ ਖੱਜਲ-ਖੁਆਰੀ, ਮਾਨਸਿਕ ਪਰੇਸ਼ਾਨੀ ਤੇ ਪੈਸੇ ਦੀ ਲੁੱਟ ਤੋਂ ਬਚਿਆ ਜਾ ਸਕਦਾ ਹੈ। ਪਿੰਡ ਦੇ ਭਾਈਚਾਰੇ ਵਿੱਚ ਜੇ ਨੀਵੇਂ ਹੋ ਕੇ ਵੀ ਮਸਲਾ ਸੁਲਝਾਅ ਲਿਆ ਜਾਵੇ ਤਾਂ ਕਿਸੇ ਦਾ ਕੁਝ ਘਟ ਨਹੀਂ ਚੱਲਿਆ। ਕਈ ਵਾਰ ਹੈਂਕੜ ਤੇ ਹਊਮੇ ਕਾਰਨ ਹੀ ਅਸੀਂ ਪਰੇਸ਼ਾਨੀਆਂ ਝੱਲਦੇ ਹਾਂ।

ਜਦੋਂ ਕੋਈ ਬੱਚਾ ਨਸ਼ਿਆਂ ਦੇ ਰਾਹ ਤੁਰ ਪਏ ਤਾਂ ਮਾਪਿਆਂ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਜਾਂਦੀ ਹੈ ਕਿ ਇਹ ਕੀ ਬਣ ਗਿਆ। ਕਿਸੇ ਪਰਿਵਾਰ ਲਈ ਇਸ ਤੋਂ ਵੱਡਾ ਕੋਈ ਸੰਕਟ ਨਹੀਂ ਹੋ ਸਕਦਾ। ਅਸਲ ਵਿੱਚ ਸਮਾਜ ਵਿੱਚ ਜੋ ਵਾਪਰਦਾ ਹੈ, ਉਸ ਦਾ ਪ੍ਰਭਾਵ ਤਾਂ ਪੈਣਾ ਹੀ ਹੈ। ਬਹੁਤੇ ਮਾਪੇ ਅਵੇਸਲੇ ਹੋ ਜਾਂਦੇ ਹਨ। ਆਪਣੇ ਪੁੱਤਰ ਧੀ ਨੂੰ ਸਮਝਾਉਣ ਦੇ ਨਾਲ ਨਾਲ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣੀ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਦੇ ਕੀ ਸ਼ੌਕ ਹਨ, ਉਨ੍ਹਾਂ ਦੇ ਦੋਸਤ ਮਿੱਤਰ ਕਿਹੋ ਜਿਹੇ ਹਨ। ਕੀ ਉਹ ਸਕੂਲ/ਕਾਲਜ ਤੋਂ ਆ ਕੇ ਘਰ ਦੇ ਜੀਆਂ ਨਾਲ ਉੱਠਦੇ ਬੈਠਦੇ, ਗੱਲਾਂ-ਬਾਤਾਂ ਕਰਦੇ ਹਨ। ਕੀ ਉਨ੍ਹਾਂ ਦੇ ਸੁਭਾਅ ਵਿੱਚ ਤੁਹਾਨੂੰ ਕੋਈ ਤਬਦੀਲੀ ਆਈ ਤਾਂ ਨਹੀਂ ਜਾਪਦੀ। ਜੇ ਉਹ ਕਿਸੇ ਬੁਰੀ ਸੰਗਤ ਦਾ ਸ਼ਿਕਾਰ ਹੋ ਕੇ ਔਝੜੇ ਪੈ ਹੀ ਗਿਆ ਹੈ ਤਾਂ ਝਿੜਕਣ ਤੇ ਬੁਰਾ-ਭਲਾ ਕਹਿਣ ਦੀ ਥਾਂ ਬਹੁਤ ਪਿਆਰ, ਸਹਿਜਤਾ ਤੇ ਵਿਸ਼ਵਾਸ ਨਾਲ ਉਸ ਨੂੰ ਇਸ ਰਾਹ ਤੋਂ ਮੋੜਨ ਦੇ ਯਤਨ ਕਰਨ ਦੀ ਲੋੜ ਹੁੰਦੀ ਹੈ। ਇਹੋ ਜਿਹੇ ਮਾਮਲਿਆਂ ਨੂੰ ਧੀਰਜ ਤੇ ਠਰੱਮੇ ਨਾਲ ਮਨੋਵਿਗਿਆਨਕ ਪੱਧਰ 'ਤੇ ਸੁਲਝਾਉਣ ਨਾਲ ਹੀ ਕੋਈ ਸਫਲਤਾ ਮਿਲਣ ਦੀ ਆਸ ਹੁੰਦੀ ਹੈ। ਕਿਸੇ ਸਿਆਣੇ ਡਾਕਟਰ ਦੀ ਰਾਏ ਵੀ ਚੰਗਾ ਪ੍ਰਭਾਵ ਪਾਉਂਦੀ ਹੈ। ਬੱਚੇ ਨੂੰ ਇਹ ਅਹਿਸਾਸ ਕਰਾਉਣ ਦੀ ਲੋੜ ਹੁੰਦੀ ਹੈ ਕਿ ਨਸ਼ਿਆਂ ਨੇ ਕਈ ਘਰ ਬਰਬਾਦ ਕਰ ਦਿੱਤੇ ਹਨ ਤੇ ਤੇਰੀ ਜ਼ਿੰਦਗੀ ਵੀ ਪਰਿਵਾਰ ਲਈ ਬਹੁਤ ਕੀਮਤੀ ਹੈ। ਇਹੋ ਜਿਹੇ ਬਿਮਾਰ ਵਿਅਕਤੀ ਨਾਲ ਲੜਾਈ ਝਗੜੇ, ਮਾਰ-ਕੁਟਾਈ ਜਾਂ ਘਰੋਂ ਬਾਹਰ ਕੱਢ ਦੇਣ ਨਾਲ ਮਸਲਾ ਹੋਰ ਉਲਝ ਜਾਂਦਾ ਹੈ। ਨੀਮ-ਹਕੀਮਾਂ ਤੇ ਅਣਸਿੱਖਿਅਤ ਨਸ਼ਾ-ਛਡਾਊ ਕੇਂਦਰਾਂ ਤੋਂ ਬਚਣ ਦੀ ਲੋੜ ਹੈ। ਮਾਪਿਆਂ ਨੂੰ ਇਹ ਵੀ ਚਿੰਤਾ ਹੁੰਦੀ ਹੈ ਕਿ ਬੱਚੇ ਦੀ ਇਸ ਹਰਕਤ ਬਾਰੇ ਜੇ ਸਮਾਜ ਨੂੰ ਪਤਾ ਲੱਗ ਗਿਆ ਤਾਂ ਬਹੁਤ ਬੇਇੱਜ਼ਤੀ ਹੋਵੇਗੀ। ਇਸ ਕਾਰਨ ਉਹ ਬਹੁਤ ਕੁਝ ਲੁਕਾਈ ਰੱਖਦੇ ਹਨ ਪਰ ਸਿਆਣੇ ਕਹਿੰਦੇ ਹਨ ਕਿ ਜੇ ਸਵੇਰ ਦਾ ਭੁੱਲਿਆ, ਸ਼ਾਮ ਨੂੰ ਘਰ ਆ ਜਾਵੇ ਤਾਂ ਉਸ ਨੂੰ ਭੁੱਲਿਆ ਨਹੀਂ ਕਹਿੰਦੇ। ਜੇ ਨਸ਼ਿਆਂ ਦੇ ਰਾਹ ਤੁਰਿਆ ਬੰਦਾ ਜ਼ਿੰਦਗੀ ਦੇ ਰਾਹ 'ਤੇ ਵਾਪਸ ਆ ਜਾਵੇ ਤਾਂ ਉਸ ਦੀ ਸਿਆਣਪ ਦੀ ਵੀ ਦਾਦ ਦੇਣੀ ਚਾਹੀਦੀ ਹੈ। ਇਹੋ ਜਿਹੀ ਚੁਣੌਤੀ ਵੀ ਜੀਵਨ ਦੀ ਬਹੁਤ ਔਖੀ ਪ੍ਰੀਖਿਆ ਸਮਾਨ ਹੁੰਦੀ ਹੈ। ਸੂਝ ਤੇ ਸਹਿਜਤਾ ਨਾਲ ਹੀ ਇਸ ਵਿੱਚੋਂ ਬਾਹਰ ਨਿਕਲਿਆ ਜਾ ਸਕਦਾ ਹੈ।

ਘਰ-ਪਰਿਵਾਰ ਵਿੱਚ ਲੜਾਈ ਝਗੜਾ ਹੋਣਾ ਤਾਂ ਸੁਭਾਵਿਕ ਗੱਲ ਹੈ ਪਰ ਕਈ ਵਾਰ ਨੂੰਹ ਜਾਂ ਵਿਆਹੀ ਧੀ ਦੇ ਪਰਿਵਾਰ ਵੱਲੋਂ ਕਿਸੇ ਗ਼ਲਤਫਹਿਮੀ ਕਾਰਨ ਰਿਸ਼ਤਿਆਂ ਵਿੱਚ ਖਟਾਸ ਪੈਦਾ ਹੋ ਜਾਵੇ ਤਾਂ ਮਨ ਪਰੇਸ਼ਾਨੀ ਵਿੱਚ ਘਿਰ ਜਾਂਦਾ ਹੈ। ਇਹੋ ਜਿਹੀ ਚੁਣੌਤੀ ਨੂੰ ਵੀ ਬਹੁਤ ਸਹਿਜਤਾ ਤੇ ਨਰਮੀ ਨਾਲ ਨਜਿੱਠਣ ਦੀ ਲੋੜ ਹੁੰਦੀ ਹੈ। ਉੱਚੀ ਆਵਾਜ਼ ਤੇ ਤਿੱਖੇ ਬੋਲ ਅਕਸਰ ਮਸਲੇ ਨੂੰ ਵਿਗਾੜ ਦਿੰਦੇ ਹਨ। ਕੋਸ਼ਿਸ਼ ਤਾਂ ਇਹੀ ਹੋਣੀ ਚਾਹੀਦੀ ਹੈ ਕਿ ਦੋਵੇਂ ਪਰਿਵਾਰਾਂ ਦੇ ਸਿਆਣੇ ਮਿਲ-ਬੈਠ ਕੇ ਗ਼ਲਤਫਹਿਮੀ ਦਾ ਨਿਪਟਾਰਾ ਕਰ ਲੈਣ। ਜੇ ਇਹ ਝਗੜਾ ਘਰ ਦੀ ਦਹਿਲੀਜ਼ ਤੋਂ ਬਾਹਰ ਨਿਕਲ ਜਾਵੇ ਤਾਂ ਚੁਣੌਤੀ ਬਹੁਤ ਗਹਿਰੀ ਹੋ ਜਾਂਦੀ ਹੈ। ਹਊਮੇ ਤੇ ਅੜੀਅਲ ਵਤੀਰੇ ਕਾਰਨ ਹੀ ਅਨੇਕਾਂ ਪਰਿਵਾਰ ਕਈ ਕਈ ਸਾਲਾਂ ਤੱਕ ਕਚਹਿਰੀਆਂ ਵਿੱਚ ਲੁੱਟ ਜਾਂਦੇ ਤੇ ਰੁਲਦੇ ਦੇਖੇ ਜਾ ਸਕਦੇ ਹਨ। ਅਸਲ ਵਿੱਚ ਜ਼ਿੰਦਗੀ ਵਿੱਚ ਪੈਰ-ਪੈਰ 'ਤੇ ਚੁਣੌਤੀਆਂ ਦੇ ਕੰਡੇ ਖਿਲਰੇ ਹੋਏ ਹਨ। ਇਨ੍ਹਾਂ ਤੋਂ ਬਚ ਕੇ ਜ਼ਿੰਦਗੀ ਮਾਣਦੇ ਰਹਿਣ ਵਿੱਚ ਹੀ ਸਿਆਣਪ ਹੈ।

—ਗੁਰਬਿੰਦਰ ਸਿੰਘ ਮਾਣਕ



# ਸਤਿੰਦਰ ਸਰਤਾਜ-ਨੀਰੂ ਬਾਜਵਾ ਦੀ ਫ਼ਿਲਮ 'ਸ਼ਾਯਰ' 19 ਅਪ੍ਰੈਲ ਨੂੰ ਹੋਵੇਗੀ ਰਿਲੀਜ਼

ਨੀਰੂ ਬਾਜਵਾ ਇੰਨੀਂ ਦਿਨੀਂ ਖ਼ੂਬ ਸੁਰਖੀਆਂ ਬਟੋਰ ਰਹੀ ਹੈ। ਅਦਾਕਾਰਾ ਦੀ ਨਵੀਂ ਫਿਲਮ 'ਸ਼ਾਇਰ' 19 ਅਪ੍ਰੈਲ ਨੂੰ ਰਿਲੀਜ਼ ਹੋਣ ਜਾ ਰਹੀ ਹੈ। ਇਸ ਫਿਲਮ 'ਚ ਨੀਰੂ ਦੀ ਜੋੜੀ ਇੱਕ ਵਾਰ ਫਿਰ ਤੋਂ ਸਤਿੰਦਰ ਸਰਤਾਜ ਨਾਲ ਨਜ਼ਰ ਆਉਣ ਵਾਲੀ ਹੈ। ਹਾਲ ਹੀ 'ਚ ਫਿਲਮ ਦਾ ਪੋਸਟਰ ਵੀ ਰਿਲੀਜ਼ ਹੋਇਆ ਸੀ। 'ਸ਼ਾਯਰ', ਜਿਸ ਦਾ ਪਹਿਲਾ ਗੀਤ 'ਮਹਿਬੂਬ ਜੀ' ਵੱਖ-ਵੱਖ ਸੰਗੀਤਕ ਪਲੇਟਫ਼ਾਰਮ ਉਪਰ ਰਿਲੀਜ਼ ਹੋ ਗਿਆ ਹੈ। 'ਨੀਰੂ ਬਾਜਵਾ ਇੰਟਰਟੇਨਮੈਂਟ' ਦੇ ਬੈਨਰ ਹੇਠ ਬਣਾਈ ਜਾ ਰਹੀ ਉਕਤ ਫਿਲਮ ਦਾ ਨਿਰਦੇਸ਼ਨ ਉਦੈ ਪ੍ਰਤਾਪ ਸਿੰਘ ਅਤੇ ਲੇਖਨ ਜਗਦੀਪ ਵੜਿੰਗ ਵੱਲੋਂ ਕੀਤਾ ਗਿਆ ਹੈ, ਜਦਕਿ




ਇਸ ਦਾ ਸਿਨੇਮਾਟੋਗ੍ਰਾਫ਼ਰੀ ਪੱਖ ਸੰਦੀਪ ਪਾਟਿਲ ਦੁਆਰਾ ਸੰਭਾਲਿਆ ਗਿਆ ਹੈ। ਇਸ ਗੀਤ ਨੂੰ ਵੈਲੇਨਟਾਈਨ ਵੀਕ ਦੇ ਮੌਕੇ 'ਤੇ ਰਿਲੀਜ਼ ਕੀਤਾ ਗਿਆ ਹੈ। ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਇਲਾਵਾ ਮੋਹਾਲੀ ਆਸ-ਪਾਸ ਫਿਲਮਾਈ ਗਈ ਇਸ ਫਿਲਮ ਵਿੱਚ ਡਾ. ਸਤਿੰਦਰ ਸਰਤਾਜ ਅਤੇ ਨੀਰੂ ਬਾਜਵਾ ਲੀਡ ਜੋੜੀ ਦੇ ਰੂਪ ਵਿੱਚ ਨਜ਼ਰ ਅਉਣਗੇ. ਦੋਵਾਂ ਦਾ ਪਿਆਰ ਭਰਿਆ ਅੰਦਾਜ਼ ਦਰਸ਼ਕਾਂ ਦੇ ਦਿਲਾਂ ਨੂੰ ਖ਼ੂਬ ਭਾਅ ਰਿਹਾ ਹੈ। ਇਸ ਤੋਂ ਪਹਿਲਾਂ ਦੋਵਾਂ ਦੀ ਜੋੜੀ 'ਕਲੀ ਜੋਟਾ' ਫਿਲਮ 'ਚ ਨਜ਼ਰ ਆਈ ਸੀ। ਇਸ ਫਿਲਮ ਦੋਵਾਂ ਦੀ ਰੋਮਾਂਟਿਕ ਕੈਮਿਸਟਰੀ ਨੂੰ ਖ਼ੂਬ ਪਸੰਦ ਕੀਤਾ ਗਿਆ ਸੀ। ਇਸ ਤੋਂ ਬਾਅਦ ਹੁਣ ਫੈਨਜ਼ ਬੇਸਵਰੀ ਦੇ ਨਾਲ 'ਸ਼ਾਇਰ' ਫਿਲਮ ਦਾ ਇੰਤਜ਼ਾਰ ਕਰ ਰਹੇ ਹਨ।



# ਦੀਪਿਕਾ ਪਾਦੂਕੋਣ ਤੇ ਰਣਵੀਰ ਸਿੰਘ ਦੇ ਘਰ ਸਤੰਬਰ ਵਿਚ ਗੂੰਜੇਗੀ ਕਿਲਕਾਰੀ

ਚੰਡੀਗੜ੍ਹ-ਦੀਪਿਕਾ ਪਾਦੂਕੋਣ ਅਤੇ ਰਣਵੀਰ ਸਿੰਘ ਨੇ ਐਲਾਨ ਕੀਤਾ ਹੈ ਇਸ ਸਾਲ ਸਤੰਬਰ 'ਚ ਉਨ੍ਹਾਂ ਦੇ ਘਰ ਬੱਚੇ ਦਾ ਜਨਮ ਹੋਵੇਗਾ। ਰਣਵੀਰ ਅਤੇ ਦੀਪਿਕਾ ਆਪਣੇ ਇੰਸਟਾਗ੍ਰਾਮ 'ਤੇ ਇਸ ਦਾ ਐਲਾਨ ਕੀਤਾ। ਸੰਜੈ ਲੀਲਾ ਭੰਸਾਲੀ ਦੀ ਫਿਲਮ ਰਾਮ-ਲੀਲਾ 'ਚ ਇਕੱਠੇ ਆਉਣ ਤੋਂ ਬਾਅਦ ਦੋਹਾਂ ਨੇ ਡੇਟ ਕਰਨਾ ਸ਼ੁਰੂ ਕੀਤਾ ਸੀ। ਦੋਵਾਂ ਦਾ ਵਿਆਹ 2018 ਵਿੱਚ ਇਟਲੀ ਦੇ ਲੇਕ ਕੋਮੋ ਵਿੱਚ ਹੋਇਆ ਸੀ।

# ਪੰਜਾਬੀ ਫ਼ਿਲਮ 'ਓਏ ਭੋਲੇ ਓਏ' ਦੇ ਅਦਾਕਾਰ ਜਗਜੀਤ ਸੰਧੂ ਨੂੰ ਮਿਲੀ ਅੰਤਰਿਮ ਜ਼ਮਾਨਤ

ਜਲੰਧਰ-ਫ਼ਿਲਮ 'ਓਏ ਭੋਲੇ ਓਏ' 'ਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਮਾਮਲੇ 'ਚ ਪੰਜਾਬੀ ਅਦਾਕਾਰ ਜਗਜੀਤ ਸਿੰਘ ਸੰਧੂ ਨੂੰ ਅਦਾਲਤ ਨੇ ਬੁੱਧਵਾਰ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ। ਇੱਥੇ ਇਕ ਈਸਾਈ ਨੁਮਾਇੰਦੇ ਨੇ ਡਾਇਰੈਕਟਰ ਵਰਿੰਦਰ ਰਾਮਗੜ੍ਹੀਆ ਨੂੰ ਦੂਜਾ ਦੋਸ਼ੀ ਬਣਾਇਆ ਹੈ। ਵਧੀਕ ਸੈਸ਼ਨ ਜੱਜ ਡੀ.ਪੀ ਸਿੰਗਲਾ ਨੇ ਮਾਮਲੇ ਦੀ ਸੁਣਵਾਈ 5 ਮਾਰਚ ਲਈ ਮੁਲਤਵੀ ਕਰ ਦਿੱਤੀ। ਸੰਧੂ ਅਤੇ ਰਾਮਗੜ੍ਹੀਆ 'ਤੇ ਯੂਨਾਈਟਿਡ ਪੀਪਲਜ਼ ਲੀਗ ਦੇ ਪ੍ਰਧਾਨ ਸਨਾਵਰ



ਭੱਟੀ ਦੀ ਸ਼ਿਕਾਇਤ 'ਤੇ 22 ਫਰਵਰੀ ਨੂੰ ਮਾਮਲਾ ਦਰਜ ਕੀਤਾ ਗਿਆ ਸੀ, ਜਿਨ੍ਹਾਂ ਨੇ ਉਨ੍ਹਾਂ 'ਤੇ ਆਪਣੀ ਫ਼ਿਲਮ ਦੇ ਟ੍ਰੇਲਰ ਦੇ ਅੰਤ 'ਤੇ ਈਸਾਈ ਪ੍ਰਾਰਥਨਾ ਨੂੰ ਗਲਤ ਢੰਗ ਨਾਲ ਪੇਸ਼ ਕਰਨ ਦਾ ਦੋਸ਼ ਲਾਇਆ ਸੀ। ਉਸ ਨੇ ਸੈਂਸਰ ਬੋਰਡ 'ਤੇ ਬਿਨਾਂ ਸੋਚੇ-ਸਮਝੇ ਫ਼ਿਲਮ ਨੂੰ ਪ੍ਰਮਾਣਿਤ ਕਰਨ ਦਾ ਦੋਸ਼ ਲਾਇਆ। ਸੰਧੂ ਦੀ ਜ਼ਮਾਨਤ ਅਰਜ਼ੀ ਵਿਚ ਉਸ ਦੇ ਵਕੀਲ ਲਵਨੀਤ ਠਾਕੁਰ ਨੇ ਦਲੀਲ ਦਿੱਤੀ ਕਿ ਸ਼ਿਕਾਇਤਕਰਤਾ ਨੇ ਫ਼ਿਲਮ ਦਾ ਨਿਰਣਾ ਇਸ ਦੇ ਟ੍ਰੇਲਰ ਤੋਂ ਕੀਤਾ ਸੀ ਨਾ ਕਿ ਪੂਰੀ ਸਮੱਗਰੀ ਨਾਲ।



# ਪਰਿਣੀਤੀ-ਦਿਲਜੀਤ ਦੀ 'ਚਮਕੀਲਾ' ਨੈੱਟਫਲਿਕਸ 'ਤੇ 12 ਅਪ੍ਰੈਲ ਤੋਂ ਹੋਵੇਗੀ ਰਿਲੀਜ਼

ਨਵੀਂ ਦਿੱਲੀ-ਪਰਿਣੀਤੀ ਚੋਪੜਾ ਅਤੇ ਦਿਲਜੀਤ ਦੋਸਾਂਝ ਸਟਾਰਰ ਫਿਲਮ ਚਮਕੀਲਾ ਸਿਨੇਮਾਘਰਾਂ ਵਿੱਚ ਨਹੀਂ ਆਵੇਗੀ। ਇਹ ਫਿਲਮ OTT ਪਲੇਟਫਾਰਮ 'ਤੇ ਰਿਲੀਜ਼ ਹੋਵੇਗੀ। ਸੋਮਵਾਰ ਨੂੰ, ਨਿਰਮਾਤਾਵਾਂ ਨੇ ਚਮਕੀਲਾ ਦੀ ਰਿਲੀਜ਼ ਡੇਟ ਦਾ ਐਲਾਨ ਕੀਤਾ। ਇਮਤਿਆਜ਼ ਅਲੀ ਦੁਆਰਾ ਨਿਰਦੇਸ਼ਤ ਫਿਲਮ ਚਮਕੀਲਾ ਓਟੀਟੀ ਪਲੇਟਫਾਰਮ ਨੈੱਟਫਲਿਕਸ 'ਤੇ ਰਿਲੀਜ਼ ਹੋਵੇਗੀ। ਨੈੱਟਫਲਿਕਸ ਨੇ ਮੋਸ਼ਨ ਪੋਸਟਰ ਦੇ ਨਾਲ ਫਿਲਮ ਦੀ ਰਿਲੀਜ਼ ਡੇਟ ਦਾ ਐਲਾਨ ਕੀਤਾ ਹੈ। ਇਹ ਫਿਲਮ 12 ਅਪ੍ਰੈਲ ਤੋਂ ਓ. ਟੀ. ਟੀ. 'ਤੇ ਸਟ੍ਰੀਮ ਹੋਵੇਗੀ। ਇਸ ਫਿਲਮ 'ਚ ਦਿਲਜੀਤ ਦੋਸਾਂਝ ਅਮਰ ਸਿੰਘ ਚਮਕੀਲਾ ਦਾ ਕਿਰਦਾਰ ਨਿਭਾਉਂਦੇ ਨਜ਼ਰ ਆਉਣਗੇ।

ਤੁਸੀਂ ਭਵਿੱਖ ਵਿੱਚ ਆਪਣੇ ਆਪ ਦਾ ਧੰਨਵਾਦ ਕਰੋਗੇ।

ਛੋਟੀ ਉਮਰ ਵਿੱਚ HPV ਵੈਕਸੀਨ ਲਗਵਾਉਣ ਨਾਲ ਜੀਵਨ ਵਿੱਚ ਅੱਗੇ ਚੱਲਕੇ ਹੋਣ ਵਾਲੇ ਕਈ ਕੈਂਸਰਾਂ ਤੋਂ ਬਚਾਅ ਹੋ ਸਕਦਾ ਹੈ। ਇਹ ਵੈਕਸੀਨ 9-18 ਸਾਲ ਦੀ ਉਮਰ ਦੇ ਨੌਜਵਾਨਾਂ ਲਈ ਸੁਰੱਖਿਅਤ, ਅਸਰਦਾਰ ਅਤੇ ਮੁਫ਼ਤ ਹੈ।



BRITISH COLUMBIA
HealthLinkBC.ca/HPV
'ਤੇ ਜਾਕੇ ਸ਼ੁਰੂਆਤ ਕਰੋ

# ਪਰਿਵਾਰਕ ਉਲਝਣਾਂ ਦੀ ਦਿਲਚਸਪ ਕਹਾਣੀ 'ਵੇਖੀ ਜਾ ਛੇੜੀ ਨਾ'

ਗਾਇਕੀ ਦੇ ਨਾਲ ਨਾਲ ਫਿਲਮਾਂ ਵਿੱਚ ਖ਼ਾਸ ਪਛਾਣ ਸਥਾਪਤ ਕਰਨ ਵਾਲਾ ਕਰਮਜੀਤ ਅਨਮੋਲ ਅੱਜ ਪੰਜਾਬੀ ਸਿਨੇਮਾ ਦਾ ਨਾਮੀ ਕਾਮੇਡੀਅਨ ਹੈ। ਉਸ ਨੇ ਆਪਣੇ ਕਿਰਦਾਰਾਂ ਰਾਹੀਂ ਸਮਾਜ ਦੇ ਅਨੇਕਾਂ ਪਾਤਰਾਂ ਨੂੰ ਪਰਦੇ 'ਤੇ ਜੀਵਿਤ ਕੀਤਾ। ਬੀਤੇ ਦਿਨੀਂ ਉਸ ਦੀ ਨਵੀਂ ਕਾਮੇਡੀ ਫਿਲਮ 'ਵੇਖੀ ਜਾ ਛੇੜੀ ਨਾ' ਰਿਲੀਜ਼ ਹੋਈ ਹੈ। ਇਹ ਫਿਲਮ ਜਿੱਥੇ ਸਮਾਜ ਵਿੱਚ ਕੁੜੀਆਂ ਦੀ ਘਟ ਰਹੀ ਗਿਣਤੀ 'ਤੇ ਚਿੰਤਾ ਪ੍ਰਗਟਾਉਂਦੀ ਹੈ ਉੱਥੇ ਵਿਆਹ ਦੀ ਉਮਰ ਲੰਘਾ ਚੁੱਕੇ ਮੁੰਡਿਆਂ (ਛੜੇ) ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਾਨਸਿਕਤਾ ਵੀ ਦਰਸਾਉਂਦੀ ਹੈ। ਲੇਖਕ-ਨਿਰਦੇਸ਼ਕ ਮਨਜੀਤ ਸਿੰਘ ਟੋਨੀ ਵੱਲੋਂ ਲਿਖੀ ਇਸ ਫਿਲਮ ਦੀ ਕਹਾਣੀ ਦੋ ਭਰਾਵਾਂ ਦੇ ਵਿਆਹ ਅਤੇ ਦਾਦੀ ਦੀਆਂ ਰੀਝਾਂ 'ਤੇ ਆਧਾਰਿਤ ਹੈ। ਫਿਲਮ ਵਿਚ ਵੱਡਾ ਭਰਾ ਕਰਮਾ (ਕਰਮਜੀਤ ਅਨਮੋਲ) ਹੈ ਜੋ ਛੜਾ ਤੇ ਛੋਟਾ ਸਿਮਰ (ਸਿਮਰ ਖਹਿਰਾ) ਕੁਆਰਾ ਹੈ। ਇਨ੍ਹਾਂ ਦੀ ਦਾਦੀ (ਜਤਿੰਦਰ ਕੌਰ) ਚਾਹੁੰਦੀ ਹੈ ਕਿ ਉਸ ਦੇ ਜਿਊਂਦੇ-ਜੀਅ ਵੱਡੇ ਪੋਤੇ ਦਾ ਵਿਆਹ ਪਹਿਲਾਂ ਹੋ ਜਾਵੇ ਪਰ ਰਿਸ਼ਤੇ ਵਾਲੇ ਵੇਖਣ ਵੱਡੇ ਨੂੰ ਆਉਂਦੇ ਹਨ, ਪਸੰਦ ਛੋਟੇ ਨੂੰ ਕਰ ਜਾਂਦੇ ਹਨ। ਅਜਿਹਾ ਕਈ ਵਾਰ ਹੁੰਦਾ ਹੈ। ਆਖਿਰ ਪਰਿਵਾਰ ਵਾਲੇ ਇੱਕ ਵਿਚੋਲੇ ਨਾਲ ਮਿਲ ਕੇ ਸਕੀਮ ਖੇਡਦੇ ਹਨ। ਬਿਮਾਰ ਦਾਦੀ ਦਾ ਮਨ ਖੜ੍ਹਾਉਣ ਲਈ ਘਰ ਵਿੱਚ ਸਿਮਰ ਦੀ ਥਾਂ ਕਰਮੇ ਦੇ ਸ਼ਗਨ ਮਨਾਏ ਜਾਂਦੇ ਹਨ, ਜੰਝ ਚੜ੍ਹਦੀ ਹੈ ਪਰ ਲਾਵਾਂ ਵੇਲੇ ਲਾੜੀ ਨਾਲ ਸਿਮਰ ਨੂੰ ਬਿਠਾਇਆ ਜਾਂਦਾ ਹੈ। ਹੌਲੀ ਹੌਲੀ ਵਿਚੋਲੇ ਦੇ ਇਹ 'ਓਹਲੇ' ਦੀ ਖੇਡ ਕਈ ਦਿਲਚਸਪ ਮੋੜ ਲੈ ਜਾਂਦੀ ਹੈ ਅਤੇ ਫਿਲਮ ਹਾਸਿਆਂ ਦੇ ਫੁਹਾਰੇ ਛੱਡਦੀ ਦਰਸ਼ਕਾਂ ਨੂੰ ਖ਼ੂਬ ਹਸਾਉਂਦੀ ਹੈ। ਵਿਨਰਜ਼ ਫਿਲਮਜ਼ ਦੇ ਬੈਨਰ ਹੇਠ ਬਣੀ ਇਸ ਫਿਲਮ ਵਿੱਚ ਕਰਮਜੀਤ ਅਨਮੋਲ, ਸਿਮਰ ਖਹਿਰਾ, ਲਵ ਗਿੱਲ, ਗੁਰਮੀਤ ਸਾਜਨ, ਮਹਾਂਵੀਰ ਭੁੱਲਰ, ਪ੍ਰਕਾਸ਼ ਗਾਧੂ, ਜਤਿੰਦਰ ਕੌਰ, ਪਰਮਿੰਦਰ ਗਿੱਲ, ਰੁਪਿੰਦਰ ਕੌਰ, ਮਨਜੀਤ ਮਨੀ, ਦਲਵੀਰ ਬਬਲੀ, ਸੁਲੱਖਣ, ਅਟਵਾਲ, ਨੀਟਾ ਤੰਬੜਭਾਨ ਤੇ ਮਿਨੀ ਮੇਹਰ ਮਿੱਤਲ ਨੇ ਅਹਿਮ ਕਿਰਦਾਰ ਨਿਭਾਏ ਹਨ। ਕਰਮਜੀਤ ਅਨਮੋਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਦਾ ਹੈ। ਗੁਰਮੀਤ ਸਾਜਨ ਵੀ ਆਪਣੇ ਕਿਰਦਾਰ ਵਿੱਚ ਖ਼ੂਬ ਜਚਿਆ ਹੈ। ਸਿਮਰ ਖਹਿਰਾ ਤੇ ਲਵ ਗਿੱਲ ਦੀ ਜੋੜੀ ਵੀ ਦਰਸ਼ਕਾਂ ਨੂੰ ਪ੍ਰਭਾਵਿਤ ਕਰਦੀ ਹੈ। ਫਿਲਮ ਦਾ ਨਿਰਦੇਸ਼ਨ ਮਨਜੀਤ ਸਿੰਘ ਟੋਨੀ ਤੇ ਗੁਰਮੀਤ ਸਾਜਨ ਨੇ ਕੀਤਾ ਹੈ। ਪਰਿਵਾਰਕ ਰਿਸ਼ਤਿਆਂ ਦੀ ਇਹ ਫਿਲਮ ਮਨੋਰੰਜਨ ਭਰਪੂਰ ਕਾਮੇਡੀ ਡਰਾਮਾ ਹੈ।

**—ਮਨਜੀਤ ਕੌਰ ਸੱਪਲ**









**Buying Your Home?**

**Need a Quick Approval for Pre-Sale of Condo?**

Ranked One of The "TOP MORTGAGE BROKERS" in Canada

2022 TOP 75 BROKERS CMP

plus **BONUS*** FREE LEGAL FEE & APPRAISAL



**Superior Mortgage**
Unit 244-8138-128 Street, Surrey
Our Symbol of Care & Service
**604 507 1000**



# ਸ਼ੋਰ ਸਾਈਡ ਫਿਸ਼ ਕੈਨਰੀ



**ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।**
**STUDENTS CAN ALSO APPLY**

**ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।**

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

**ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।**

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

**PHONE: 604-244-1118**
**FAX: 604-270-3075**

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ। FORKLIFT DRIVERS NEEDED

TRANSource
FREIGHTWAYS

ਕੰਮ ਲਈ Drivers and
Owner Operators ਚਾਹੀਦੇ ਹਨ।

ਬੀ ਸੀ ਤੋਂ ਅਲਬਰਟਾ ਅਤੇ
ਅਲਬਰਟਾ ਤੋਂ ਬੀ ਸੀ



ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ
ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ
ਅਤੇ ਬਚਿਆਂ ਨਾਲ ਕੀਮਤੀ
ਸਮਾਂ ਬਿਤਾ ਸਕਦੇ ਹੋ।




ਸਾਡੀ ਕੰਪਨੀ
ਓਨਰ ਓਪਰੇਟਰਾਂ ਨੂੰ
ਲੋਕਲ ਅਤੇ ਹਾਈਵੇਅ ਰੂਟਾਂ
ਵਾਸਤੇ ਹਾਇਰ ਕਰ ਰਹੀ ਹੈ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

ਸ਼ਨੀਵਾਰ: 604–808–9805

Email:safety@transourcefreightways.com

fruiticana hee jaana!

Your one and only Punjabi neighbourhood store Since 1994

੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ

LOWEST PRICES IN TOWN

UNBEATABLE EXTRA SUPER SPECIAL

Fine Cane Sugar (Indican) 4 lbs
ਗੰਨੇ ਦੀ ਖੰਡ 4lbs
$4.99 bag

EXTRA SUPER SUPER SPECIAL

Indian Okra
ਭਿੰਡੀ ਦੇਸੀ
$2.88 lb

Long English Cucumber
ਲੰਬੇ ਇੰਗਲਿਸ਼ ਖੀਰੇ
98¢ ea.

SUPER SPECIAL
Almonds #1 Large Size
ਵੱਡੇ ਬਦਾਮ
$3.98 lb

SUPER SPECIAL
Fresh Ginger
ਤਾਜ਼ਾ ਅਦਰਕ
$1.59 lb

SUPER SPECIAL
Spinach
ਪਾਲਕ
99¢ bunch

Masala Gur 2 lbs Shell
ਮਸਾਲਾ ਗੁੜ
$2.99 pkg.

Rapini (Sarson da Saag)
ਸਰਸੋਂ ਦਾ ਸਾਗ
$2.98 bunch

SUPER SPECIAL
Swarna Chakki Atta 20 lbs (Product of India)
ਸਵਰਨਾ ਚੱਕੀ ਅੱਟਾ
$13.99 bag

SUPER SPECIAL
Cilantro
ਧਣੀਆ
2 bunches for $1.49

SUPER SPECIAL
Punjabi Shakkar (Indican) 2 lbs
ਪੰਜਾਬੀ ਸ਼ੱਕਰ ਇੰਡੀਕੈਨ 2lbs ਜਾਰ
$3.99 jar

Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
(ਇੰਡੀਕੈਨ)
$3.98 bag

Broccoli Crown
ਬਰੋਕਲੀ ਕਰਾਉਨ
$1.49 lb

Pink Lady Apples
ਗੁਲਾਬੀ ਲੇਡੀ ਸੇਬ
79¢ lb

Seviyan Egg-Free 300 g
ਸੇਵੀਆਂ ਐਗਫ੍ਰੀ 300 ਗ੍ਰਾਮ
2 Packs for $2.99

Desi Karela
ਦੇਸੀ ਕਰੇਲਾ
$1.49 lb

Roma Tomatoes
ਰੋਮਾ ਟਮਾਟਰ
$1.49 lb

Red Lentil Whole
ਮਸਰਾ ਦੀ ਸਾਬਤ ਦਾਲ
88¢ lb

Red Lentil Split
ਧੋਤੀ ਮਸਰਾਂ ਦੀ ਦਾਲ
88¢ lb

Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb

Large Seedless Oranges
ਵੱਡੇ ਸੰਤਰੇ (ਬਿਨਾ ਬੀਜ ਤੋਂ)
99¢ lb

Zucchini Squash
ਜ਼ੁਕੀਨੀ ਸਕੁਐਸ਼
99¢ lb

Daikon (Moli)
ਮੂਲੀ
99¢ lb

Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle

Sher Besan 4 lbs
ਸ਼ੇਰ ਵੇਸਣ
$3.98 bag

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag

Opo Squash (Long)
ਓਪੋ ਕੱਦੂ
98¢ lb

Roasted Peanuts in Shell
ਭੁੱਜੀ ਮੂੰਗਫਲੀ
$1.88 lb

Gala Apples US #1
ਗਾਲਾ ਸੇਬ ਯੂ.ਐਸ. #੧
$1.29 lb

Walnuts in Shell
ਸਾਬਤ ਅਖਰੋਟ
$2.98 lb

Thur Feb 29, 2024 - Wed Mar 06, 2024

We reserve the right to limit the quantities while they last

Specials valid for Lower Mainland only

Product images may differ from the actual product.

23 LOCATIONS TO SERVE YOU IN BC & ALBERTA

Head Office: 7676 Anvil Way, Surrey 604-502-0005

fruiticana SINCE 1994

BUSINESS HOURS 9 AM - 8 PM 7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |